ਗਿਆ। ਉਨ੍ਹਾਂ ਨੇ ਬਠਿੰਡਾ ਹਵਾਈ ਅੱਡੇ 'ਤੇ ਕਾਰਗੋ ਸਹੂਲਤ ਦੀ ਵਰਤੋਂ ਨਿਰਯਾਤ ਸਮਰੱਥਾਵਾਂ ਨੂੰ ਵਧਾਉਣ, ਕਿਸਾਨਾਂ ਲਈ ਆਮਦਨ ਪੈਦਾ ਕਰਨ, ਸੂਬੇ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਅਤੇ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਇੱਕ ਮਹੱਤਵਪੂਰਨ ਪ੍ਰਸਤਾਵ ਪੇਸ਼ ਕੀਤਾ। ਇਸ ਮੀਟਿੰਗ ਵਿੱਚ ਅਕਾਲੀ ਦਲ ਦੇ ਯੂਥ ਵਿੰਗ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਪਾਰਟੀ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਇਆ ਅਤੇ ਨੌਜਵਾਨਾਂ ਨੂੰ ਪਾਰਟੀ ਅੰਦਰ ਬਣਦੇ ਮਾਨ ਸਨਮਾਨ ਦਾ ਭਰੋਸਾ ਦਿੱਤਾ। ਖ਼ੇਤਰੀ ਪਾਰਟੀ ਨੂੰ ਸਮਰਥਨ ਦੇਣ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ, ਉਨ੍ਹਾਂ ਪਿਛਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਇਸ ਦੇ ਸੰਭਾਵੀ ਨਤੀਜਿਆਂ ਦੀ ਅਹਮਿਯਤ ਨੂੰ ਦਰਸਾਇਆ, ਅਤੇ ਨੌਜਵਾਨਾਂ ਨੂੰ ਸੁਚੇਤ ਰਹਿਣ ਦੀ ਅਪੀਲ ਕੀਤੀ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਸੁਰਜੀਤ ਸਿੰਘ ਤੋਂ ਇਲਾਵਾ ਗੁਰਦੀਪ ਸਿੰਘ, ਰਜਿੰਦਰ ਸਿੰਘ ਦੋਹੇਂ ਮੈਂਬਰ ਕੌਰ ਕਮੇਟੀ ਯੂਥ ਵਿੰਗ, ਜੋਗਿੰਦਰ ਸਿੰਘ ਜੰਗੀ ਫੈਡਰੇਸ਼ਨ ਆਗੂ ਨੇ ਵੀ ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV

# ਭਾਈ ਸਰਬਜੀਤ ਸਿੰਘ ਮਲੋਆ ਦੀ ਚੋਣ ਮੁਹਿੰਮ ਹਨੇਰੀ ਤੋਂ ਬਣੀ ਤੁਫਾਨ : ਜਥੇਦਾਰ ਦਲੀਪ ਸਿੰਘ ਚਕਰ



(ਆਵਾਜ਼ ਬਿਊਰੋ) ਜਗਰਾਉਂ ਇੰਟਰਨੈਸ਼ਨਲ ਪੰਥਕ ਦਲ ਦੇ ਆਲ ਇੰਡੀਆ ਕਨਵੀਨਰ ਜਥੇਦਾਰ ਦਲੀਪ ਸਿੰਘ ਚਕਰ ਨੇ ਸਾਡੇ ਪ੍ਰਤੀਨਿਧ ਨਾਲ ਫੋਨ ਤੇ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਲੋਕ ਸਭਾ ਚੋਣਾਂ ਦਾ ਚੋਣ ਪ੍ਰਚਾਰ ਸਿੱਖਰਾਂ ਤੇ ਹੈ ਸਾਰੀਆਂ ਹੀ ਸਿਆਸੀ ਪਾਰਟੀਆਂ ਵੱਲੋਂ ਆਪਣੇ ਉਮੀਦਵਾਰਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ ਪ੍ਰੰਤੂ ਜੋ ਹਨੇਰੀ ਲੋਕ ਸਭਾ ਹਲਕਾ ਫਰੀਦਕੋਟ ਤੋਂ ਆਜਾਦ ਉਮੀਦਵਾਰ ਦੇ ਤੌਰ ਤੇ ਸ਼ਹੀਦ ਭਾਈ ਬੇਅੰਤ ਸਿੰਘ ਇੰਦਰਾ ਗਾਂਧੀ ਕਤਲ ਕਾਂਡ ਵਾਲੇ ਦੇ ਸਪੁੱਤਰ ਭਾਈ ਸਰਬਜੀਤ ਸਿੰਘ ਮਲੋਆ ਦੇ ਹੱਕ ਵਿੱਚ ਚੱਲੀ ਸੀ ਉਸ ਹਨੇਰੀ ਨੇ ਤੁਫਾਨ ਦਾ ਰੂਪ ਧਾਰਨ ਕਰ ਲਿਆ ਹੈ ਪੰਜਾਬ ਦੇ ਲੋਕ ਅੱਜ ਵੀ ਸ਼ਹੀਦ ਪਰਿਵਾਰਾਂ ਨਾਲ ਖੜ੍ਹੇ ਹਨ ਕਿਉਂਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ ਜਿਹੜੀਆਂ ਕੌਮਾਂ ਆਪਣੇ ਸ਼ਹੀਦਾਂ ਨੂੰ ਭੁੱਲ ਜਾਂਦੀਆਂ ਹਨ ਉਹ ਕੱਖਾਂ ਦੇ ਕਾਨਿਆਂ ਵਾਂਗ ਰੁਲ ਜਾਦੀਆਂ ਹਨ ਉਹਨਾਂ ਅੱਗੇ ਕਿਹਾ ਕਿ 1989 ਵਿੱਚ ਲੋਕ ਸਭਾ ਚੋਣਾਂ ਵਿੱਚ ਸ਼ਹੀਦ ਭਾਈ ਬੇਅੰਤ ਸਿੰਘ ਦੇ ਪਿਤਾ ਬਾਪੂ ਸੁੱਚਾ ਸਿੰਘ ਮਲੋਆ ਅਤੇ ਸ਼ਹੀਦ ਭਾਈ ਬੇਅੰਤ ਸਿੰਘ ਦੀ ਪਤਨੀ ਬੀਬੀ ਬਿਮਲ ਕੌਰ ਖਾਲਸਾ ਲਈ ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਸਤਿਕਾਰਯੋਗ ਪਿਤਾ ਬਾਬਾ ਜੋਗਿੰਦਰ ਸਿੰਘ ਜੀ ਨੇ ਵੋਟਾਂ ਮੰਗੀਆਂ ਸਨ ਅੱਜ ਫਿਰ ਉਨ੍ਹਾਂ ਰਾਹਾਂ ਤੇ ਚੱਲਦਿਆਂ ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਭਤੀਜੇ ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਅਤੇ ਬਾਬਾ ਜੋਗਿੰਦਰ ਸਿੰਘ ਜੀ ਦਾ ਸਮੁੱਚਾ ਪਰਿਵਾਰ ਸ਼ਹੀਦ ਭਾਈ ਬੇਅੰਤ ਸਿੰਘ ਦੇ ਸਪੁੱਤਰ ਭਾਈ ਸਰਬਜੀਤ ਸਿੰਘ ਮਲੋਆ ਲਈ ਵੋਟਾਂ ਮੰਗ ਰਹੇ ਹਨ ਜੋ ਕਿ ਸਿੱਖ ਕੌਮ ਲਈ ਬੜੀ ਮਾਣ ਵਾਲੀ ਗੱਲ ਹੈ ਅੰਤ ਵਿੱਚ ਜਥੇਦਾਰ ਦਲੀਪ ਸਿੰਘ ਚਕਰ ਨੇ ਦੇਸ਼ ਵਿਦੇਸ਼ ਅਤੇ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਾਂ ਤਨ, ਮਨ ਅਤੇ ਧਨ ਨਾਲ ਸੇਵਾ ਕਰ ਕੇ ਸ਼ਹੀਦਾਂ ਦੇ ਪਰਿਵਾਰਾਂ ਦੀ ਮਦਦ ਕਰੀਏ ਅਤੇ ਪੰਥਕ ਸੋਚ ਵਾਲੇ ਉਮੀਦਵਾਰਾਂ ਨੂੰ ਜਿਤਾਉਣ ਲਈ ਆਪਣਾ ਯੋਗਦਾਨ ਪਾਈਏ।

ਆਵਾਜ਼ਿ ਕੌਮ AWAZE QAUM International Newspaper & WEB TV

## ਗੁਰਦੁਆਰਾ ਗੁਰੂ ਨਾਨਕ ਦਰਬਾਰ ਲਸਾਲ (ਮਾਂਟਰੀਅਲ) ਵਿਖੇ

# ਜੈਕਾਰਿਆਂ ਦੀ ਗੂੰਜ ਵਿੱਚ ਸ਼ਹੀਦ ਨਿੱਝਰ ਦੀ ਤਸਵੀਰ ਕੀਤੀ ਸਸ਼ੋਭਿਤ

### ਦੁਨੀਆ ਅੰਦਰ ਨਿੱਝਰ ਦੀ ਸ਼ਹਾਦਤ ਨੇ ਭਾਰਤੀ ਹਕੂਮਤ ਦੀਆਂ ਏਜੰਸੀਆਂ ਦਾ ਕਾਤਲ ਚਿਹਰਾ ਨੰਗਾ ਕੀਤਾ - ਚਰਨਜੀਤ ਸਿੰਘ ਸੁੱਜੋਂ








**ਮਾਂਟਰੀਅਲ, 21 ਮਈ (ਸਰਬਜੀਤ ਸਿੰਘ ਬਨੂੜ)** - ਕੈਨੇਡਾ ਦੇ ਸ਼ਹਿਰ ਮਾਂਟਰੀਅਲ ਦੇ ਸਿੱਖਾਂ ਵਲੋਂ ਗੁਰਦੁਆਰਾ ਗੁਰੂ ਨਾਨਕ ਦਰਬਾਰ ਲਸਾਲ ਮਾਂਟਰੀਅਲ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਤਸਵੀਰ ਜੈਕਾਰਿਆਂ ਦੀ ਗੂੰਜ ਨਾਲ ਲੰਗਰ ਹਾਲ ਵਿੱਚ ਸੁਸ਼ੋਭਿਤ ਕਰ ਕੇ ਭਾਰਤੀ ਹਕੂਮਤ ਨੂੰ ਸੁਨੇਹਾ ਦਿੱਤਾ ਕਿ ਸਿੱਖ ਆਗੂਆਂ ਦੇ ਕਤਲ ਕਰਕੇ ਭਾਰਤੀ ਹਕੂਮਤ ਸਿੱਖਾਂ ਦੇ ਮਨੋਬਲ ਨੂੰ ਡੇਗ ਨਹੀਂ ਸਕਦੀਆਂ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਥ ਦਰਦੀ ਭਾਈ ਮਨਵੀਰ ਸਿੰਘ, ਭਾਈ ਹਰਕਮਲ ਸਿੰਘ ਪਰਮਾਰ ਮੁੱਖ ਸੇਵਾਦਾਰ ਗੁਰਦੁਆਰਾ ਗੁਰੂ ਨਾਨਕ ਦਰਬਾਰ ਪਾਰਕ ਐਕਸ, ਭਾਈ ਸਤਨਾਮ ਸਿੰਘ ਲੱਖੋਵਾਲ, ਸਰਦਾਰ ਪਰਮਿੰਦਰ ਸਿੰਘ ਪਾਂਗਲੀ ਸਰਗਰਮ ਆਗੂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਚਰਨਜੀਤ ਸਿੰਘ ਵਲੋਂ ਵਿਚਾਰ ਪੇਸ਼ ਕਰਦੇ ਹੋਏ ਆਖੇ। ਬੁਲਾਰਿਆ ਨੇ ਕਿਹਾ ਕਿ ਸ਼ਹਾਦਤਾਂ ਸਿੱਖਾਂ ਦੇ ਸ਼ਾਨਮੱਤਾ ਇਤਿਹਾਸ ਨੂੰ ਤਾਜ਼ਾ ਕਰਵਾਉਂਦੀਆਂ ਹੋਈਆਂ ਸਿੱਖ ਮਨਾ ਵਿੱਚ ਕੁਰਬਾਨੀ ਲਈ ਜਜ਼ਬਾ ਪੈਦਾ ਕਰਦੀਆਂ ਹਨ ਅਤੇ ਸ਼ਹੀਦਾਂ ਦੀਆਂ ਤਸਵੀਰਾਂ ਸਾਡੀ ਕੌਮ ਦੇ ਨੌਜਵਾਨਾਂ ਦੀ ਸੁੱਤੀ ਹੋਈ ਜਮੀਰ ਨੂੰ ਜਗਾ ਕੇ ਕੌਮੀ ਆਜ਼ਾਦੀ ਲਈ ਹਮੇਸ਼ਾ ਪ੍ਰੇਰਦੀਆਂ ਰਹਿਣਗੀਆਂ। ਉਨ੍ਹਾਂ ਕਿਹਾ ਕਿ ਕੌਮੀ ਸੂਰਮਿਆ ਵਲੋਂ ਕੌਮੀ ਆਜ਼ਾਦੀ ਲਈ ਸ਼ੁਰੂ ਕੀਤੇ ਗਏ ਸੰਘਰਸ਼ ਕਦੇ ਖਤਮ ਨਹੀਂ ਹੁੰਦੇ। ਇਸ ਮੌਕੇ ਸ ਚਰਨਜੀਤ ਸੱਜੋਂ ਨੇ ਕਿਹਾ ਕਿ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਨੇ ਭਾਰਤੀ ਹਕੂਮਤ ਦੀਆਂ ਏਜੰਸੀਆਂ ਦਾ ਕਾਤਲ ਚਿਹਰਾ ਦੁਨੀਆ ਭਰ ਵਿੱਚ ਨੰਗਾ ਕੀਤਾ ਹੈ ਅਤੇ ਭਾਈ ਹਰਦੀਪ ਸਿੰਘ ਨਿੱਝਰ ਨੂੰ ਕੈਨੇਡਾ ਦੀ ਧਰਤੀ ਤੇ ਖਾਲਿਸਤਾਨ ਲਈ ਸ਼ਹੀਦ ਹੋਣ ਵਾਲੇ ਪਹਿਲੇ ਸੂਰਮੇ ਦਾ ਮਾਣ ਪ੍ਰਾਪਤ ਹੋਇਆ ਹੈ। ਸਮੂਹ ਬੁਲਾਰਿਆਂ ਨੇ ਸ਼ਹੀਦਾਂ ਦੇ ਸੁਪਨੇ ਸਾਕਾਰ ਕਰਨ ਲਈ ਇੱਕ ਮੁੱਠ ਹੋਣ ਦੀ ਲੋੜ ਤੇ ਜੋਰ ਦਿੰਦਿਆ ਕਿਹਾ ਕਿ ਕਿਸੇ ਵੀ ਸੰਘਰਸ਼ ਵਿੱਚ ਏਕਤਾ ਤੋਂ ਬਿਨਾਂ ਸਫਲਤਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਭਾਈ ਜਸਵਿੰਦਰ ਸਿੰਘ ਜਨਰਲ ਸਕੱਤਰ, ਭਾਈ ਬਲਰਾਜ ਸਿੰਘ, ਭਾਈ ਗੁਰਮੁਖ ਸਿੰਘ, ਭਾਈ ਸੁਖਵਿੰਦਰ ਸਿੰਘ ਟੀਵੀ 84, ਭਾਈ ਮਨਜੀਤ ਰਣਜੀਤ ਸਿੰਘ ਜਸਵਿੰਦਰ ਸਿੰਘ ਆਦਿ ਅਨੇਕਾਂ ਪੰਥ ਦਰਦੀ ਆਗੂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਬਰਮਿੰਘਮ ਵਿੱਚ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ

# ਵਿਸ਼ਾਲ ਨਗਰ ਕੀਰਤਨ









ਬਰਮਿੰਘਮ - ਸਰਬਜੀਤ ਸਿੰਘ ਬਨੂੜ - ਬਰਮਿੰਘਮ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕਰ ਸ਼ਬਦ ਗੁਰੂ ਨੂੰ ਨਤਮਸਕ ਹੋਏ। ਨਗਰ ਕੀਰਤਨ ਪੰਜ ਪਿਆਰੀਆਂ ਦੀ ਅਗਵਾਈ ਤੇ ਸ਼ਬਦ ਗੁਰੂ ਦੀ ਛਤਰ ਛਾਇਆ ਹੇਠ ਗੁਰਦਵਾਰਾ ਬਾਬੇ ਕੇ ਹੌਕਲੀ ਫਲਾਈਓਵਰ ਤੋਂ ਆਰੰਭ ਹੋਇਆ ਅਤੇ ਗੁਰੂ ਨਾਨਕ ਨਿਸ਼ਕਾਮ ਸੇਵਕ ਜੱਥਾ ਸੋਹੋ ਰੋਡ , ਗੁਰੂ ਰਵਿਦਾਸ ਗੁਰਦੁਆਰਾ, ਗੁਰਦਵਾਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਤੋਂ ਹੁੰਦਾ ਹੋਇਆ ਗੁਰੂ ਨਾਨਕ ਗੁਰਦਵਾਰਾ ਸਮੈਦਿਕ ਵਿਖੇ ਪਹੁੰਚਿਆ ਜਿੱਥੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਲੋਂ ਪੰਜ ਪਿਆਰਿਆਂ ਨੂੰ ਸਿਰਪਾਓ ਅਤੇ ਗੁਰੂ ਸਾਹਿਬ ਜੀ ਨੂੰ ਰੁਮਾਲਾ ਭੇਟ ਕੀਤਾ ਗਿਆ। ਗੁਰਦਵਾਰਾ ਬਾਬਾ ਸੰਗ ਵਿਖੇ ਨਗਰ ਕੀਰਤਨ ਦੀ ਸਮਾਪਤੀ ਹੋਈ। ਇਸ ਮੌਕੇ ਰਸਤੇ ਵਿੱਚ ਸੰਗਤਾਂ ਲਈ ਲੰਗਰਾਂ ਦਾ ਪ੍ਰਬੰਧ ਕੀਤਾ ਗਿਆ ਸੀ। ਨਗਰ ਕੀਰਤਨ ਦੌਰਾਨ ਨੌਜਵਾਨਾਂ ਨੇ ਖਾਲਿਸਤਾਨ ਦੇ ਝੰਡੇ ਚੁੱਕੇ ਹੋਏ ਸਨ ਅਤੇ ਰਾਜ ਕਰੇਗਾ ਖਾਲਸਾ, ਖਾਲਿਸਤਾਨ ਜ਼ਿੰਦਾਬਾਦ, ਭਾਈ ਨਿੱਝਰ ਤੇਰੀ ਸੋਚ ਤੇ ਪਹਿਰਾ ਦਿਆਂਗੇ ਠੋਕ ਕੇ ਦੇ ਨਾਹਰੇ ਲੱਗ ਰਹੇ ਸਨ। ਨਗਰ ਕੀਰਤਨ ਵਿੱਚ ਗੁਰੂ ਨਾਨਕ ਗੁਰਦਵਾਰਾ ਸਮੈਦਿਕ ਦੇ ਮੁੱਖ ਸੇਵਾਦਾਰ ਕੁਲਦੀਪ ਸਿੰਘ ਦਿਉਲ, ਸਿੱਖ ਫੈਡਰੇਸ਼ਨ ਯੂ ਕੇ ਦੇ ਸੀਨੀਅਰ ਆਗੂ ਭਾਈ ਕੁਲਵੰਤ ਸਿੰਘ ਮੁਠੱਡਾ, ਭਾਈ ਬਲਵਿੰਦਰ ਸਿੰਘ ਢਿੱਲੋਂ, ਸ ਮਲਕੀਤ ਸਿੰਘ ਤੇਹਿੰਗ ਸਮੇਤ ਹੋਰ ਬਹੁਤ ਸਾਰੇ ਸਿੱਖ ਆਗੂ ਹਾਜਰ ਸਨ।

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਕਲੋਨ ਵਿਖੇ ਅਖੰਡ ਕੀਰਤਨੀ ਜਥੇ ਵੱਲੋਂ

# ਸਮੂਹ ਸ਼ਹੀਦਾਂ ਨੂੰ ਸਮਰਪਿਤ ਤਿੰਨ ਰੋਜ਼ਾ ਕੀਰਤਨ ਸਮਾਗਮ

### ਘੱਲੂਘਾਰਾ ਦੀ ਯਾਦ ਵਿੱਚ ਲਗਾਈ ਗਈ ਯਾਦਗਰੀ ਪ੍ਰਦਰਸ਼ਨੀ








**ਕਲੋਨ, 21 ਮਈ (ਸਰਬਜੀਤ ਸਿੰਘ ਬਨੂੜ)** - ਅਖੰਡ ਕੀਰਤਨੀ ਜਥਾ ਜਰਮਨੀ ਵੱਲੋਂ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸ੍ਰੀ ਗੁਰੂ ਦਸ਼ਮੇਸ਼ ਸਿੰਘ ਸਭਾ ਕਲੋਨ ਵਿੱਚ ਤਿੰਨ ਰੋਜ਼ਾ ਕੀਰਤਨ ਸਮਾਗਮ ਕਰਵਾਏ ਗਏ ਜਿਸ ਵਿੱਚ ਇੰਗਲੈਂਡ, ਹਾਲੈਂਡ, ਇਟਲੀ, ਫਰਾਂਸ ਤੇ ਜਰਮਨ ਦੇ ਵੱਖ ਵੱਖ ਸ਼ਹਿਰਾਂ ਤੋਂ ਨਾਮ ਰਸੀਏ ਗੁਰਸਿੱਖ ਸ਼ਾਮਲ ਹੋਏ। ਵਰਲਡ ਸਿੱਖ ਪਾਰਲੀਮੈਂਟ ਵੱਲੋਂ ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਤੇ 37 ਹੋਰ ਗੁਰਦੁਆਰਿਆਂ ਤੇ ਫੌਜੀ ਹਮਲਾ ਕਰਕੇ ਵਰਤਾਏ ਖ਼ੂਨੀ ਘੱਲੂਘਾਰੇ ਦੀ 40ਵੀਂ ਵਰ੍ਹੇਗੰਢ ਤੇ ਜਰਮਨ ਦੀ ਨੌਜਵਾਨ ਪੀੜ੍ਹੀ ਨੂੰ ਜਾਣੂ ਕਰਾਉਣ ਵਾਸਤੇ ਸਮਾਗਮ ਦੇ ਤਿੰਨੇ ਦਿਨ ਘੱਲੂਘਾਰਾ ਯਾਦਗਰੀ ਪ੍ਰਦਰਸ਼ਨੀ ਲਗਾਈ ਗਈ। ਇਸ ਮੌਕੇ ਹਫਤਾਵਾਰੀ ਦੀਵਾਨਾਂ ਵਿੱਚ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਵੱਲੋਂ ਬੀਰ ਰਸੀ ਕੀਰਤਨ ਕੀਤਾ ਗਿਆ। ਇਸ ਮੌਕੇ ਅਖੰਡ ਕੀਰਤਨੀ ਜਥਾ ਜਰਮਨ ਦੇ ਜਥੇਦਾਰ ਭਾਈ ਸਤਨਾਮ ਸਿੰਘ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਤੇ ਪਾਕਿਸਤਾਨ ਦੇ ਗੁਰਧਾਮਾਂ ਵਿੱਚ ਚੱਲ ਰਹੀ ਕਾਰ ਸੇਵਾ ਪ੍ਰਤੀ ਸੰਗਤਾਂ ਨੂੰ ਜਾਣੂੰ ਕਰਵਾਇਆ ਗਿਆ। ਇਸ ਮੌਕੇ ਜਥੇਦਾਰ ਕਰਮ ਸਿੰਘ ਹਾਲੈਂਡ, ਵਰਲਡ ਸਿੱਖ ਪਾਰਲੀਮੈਂਟ ਦੇ ਭਾਈ ਗੁਰਚਰਨ ਸਿੰਘ ਗੁਰਾਇਆ, ਗੁਰਦੁਆਰਾ ਸਾਹਿਬ ਦੇ ਪ੍ਰਧਾਨ ਭਾਈ ਗੁਰਪਾਲ ਸਿੰਘ ਨੇ ਸਾਹਿਯੋਗ ਲਈ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਜੂਨ 1984 ਅਤੇ ਸਿੱਖ ਸੰਘਰਸ਼ ਨੂੰ ਦਰਸਾਉਂਦੀ ਘੱਲੂਘਾਰਾ ਯਾਦਗਰੀ ਪ੍ਰਦਰਸ਼ਨੀ ਨੂੰ ਸੰਗਤਾਂ ਨੇ ਭਾਰੀ ਉਤਸ਼ਾਹ ਨਾਲ ਦੇਖਿਆ। ਇਹ ਪ੍ਰਦਰਸ਼ਨੀ ਮਾਤ ਭਾਸ਼ਾ ਪੰਜਾਬੀ ਅਤੇ ਜਰਮਨੀ ਦੋਹਾਂ ਭਾਸ਼ਾ ਵਿੱਚ ਹੈ। ਜੂਨ 84 ਦੇ ਖ਼ੂਨੀ ਘੱਲੂਘਾਰੇ ਦੇ ਵਰਤਾਰੇ ਸਬੰਧੀ ਅਤੇ ਭਾਰਤੀ ਹਕੂਮਤ ਦੇ ਜ਼ੁਲਮਾਂ ਨੂੰ ਦਰਸਾਉਂਦਾ ਲਿਟਰੇਚਰ ਜਰਮਨ ਭਾਸ਼ਾ ਵਿੱਚ ਵੰਡਿਆ ਗਿਆ।

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243




ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਕਾਂਗਰਸ ਦੇ ਖੂਨੀ ਪੰਜੇ, ਗਦਾਰ ਬਾਦਲਾਂ, ਝਾੜੂ ਵਾਲੇ ਸਿਰਫਿਰਿਆਂ ਤੇ ਹਿੰਦੂਤਵੀ ਭਾਜਪਾ ਨੂੰ ਭਜਾਓ ਅਤੇ ਪੰਥ ਦਾ ਝੰਡਾ ਬੁਲੰਦ ਕਰੋ : ਭਾਈ ਰਣਜੀਤ ਸਿੰਘ ਦਮਦਮੀ ਟਕਸਾਲ

# ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ 'ਚ ਹੋਇਆ ਵੱਡਾ ਇਕੱਠ






**ਅੰਮ੍ਰਿਤਸਰ/ਤਰਨ ਤਾਰਨ, 21 ਮਈ (ਆਵਾਜ਼ਿ ਕੌਮ ਬਿਊਰੋ)**-ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਅਤੇ ਵਾਰਿਸ ਪੰਜਾਬ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਦੀ ਚੋਣ ਮੁਹਿੰਮ ਨੂੰ ਉਸ ਵੇਲੇ ਭਰਵਾਂ ਹੁੰਗਾਰਾ ਮਿਲਿਆ ਜਦੋਂ ਗੁਰੂ ਨਗਰੀ ਸ੍ਰੀ ਤਰਨ ਤਾਰਨ ਸਾਹਿਬ ਦੇ ਮੁਹੱਲਾ ਗੁਰੂ ਕਾ ਖੂਹ, ਗਲੀ ਢੋਟੀਆਂ ਵਾਲੀ ਦੀ ਸੰਗਤ ਨੇ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਸਰਦਾਰ ਤਰਸੇਮ ਸਿੰਘ ਅਤੇ ਉਹਨਾਂ ਦੇ ਜਥੇ ਨੂੰ ਬੁਲਾ ਕੇ ਵੱਡਾ ਸਮਰਥਨ ਦਿੱਤਾ। ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਸਰਦਾਰ ਤਰਸੇਮ ਸਿੰਘ ਨੇ ਕਿਹਾ ਕਿ ਸੰਗਤ ਵੱਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ, ਇਹ ਗੁਰੂ ਦੀ ਮੇਹਰ ਹੈ। ਉਹਨਾਂ ਕਿਹਾ ਕਿ ਸਾਨੂੰ ਆਪਣੇ ਮੂਲ ਨਾਲ ਜੁੜਨ ਦੀ ਲੋੜ ਹੈ ਤਾਂ ਹੀ ਸਾਡਾ ਪੰਥ, ਪੰਜਾਬ ਖੁਸ਼ਹਾਲ ਹੋ ਸਕਦਾ ਹੈ ਅਤੇ ਜਿਸ ਦਿਨ ਅਸੀਂ ਆਪਣੇ ਮੂਲ ਨਾਲ ਜੁੜ ਗਏ, ਸਾਡੀ ਹੋਂਦ ਵੀ ਬਰਕਰਾਰ ਰਹੇਗੀ। ਓਹਨਾ ਕਿਹਾ ਕਿ ਏਕਾ ਬਣਾਈ ਰੱਖੋ, ਸਾਡਾ ਏਕਾ ਹੀ ਸਰਕਾਰ ਨੂੰ ਸਬਕ ਸਿਖਾਵੇਗਾ। ਇਸ ਮੌਕੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਲੋਕ ਇਕ ਪਾਸਾ ਕਰ ਚੁੱਕੇ ਹਨ, ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ ਚ ਤੂਫ਼ਾਨ ਉੱਠ ਖੜਾ ਹੋਇਆ ਹੈ, ਲੋਕਾਂ ਵਲੋ ਮਿਲ ਰਹੇ ਪਿਆਰ, ਸਤਿਕਾਰ ਤੇ ਸਮਰਥਨ ਨਾਲ ਖਾਲਿਸਤਾਨ ਦੀ ਗੂੰਜ ਪੈ ਰਹੀ ਹੈ। ਓਹਨਾ ਕਿਹਾ ਕਿ ਕਾਂਗਰਸ, ਬਾਦਲ ਦਲ, ਝਾੜੂ ਪਾਰਟੀ, ਭਾਜਪਾ ਵਾਲਿਆਂ ਨੂੰ ਇਸ ਵਾਰ ਪੰਥ ਅਤੇ ਪੰਜਾਬ ਵਾਸੀ ਸਬਕ ਜ਼ਰੂਰ ਸਿਖਾਉਣਗੇ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਆਪਣੀ ਤਕਰੀਰ ਦੌਰਾਨ ਵਿਰਸਾ ਸਿੰਘ ਵਲਟੋਹਾ ਤੇ ਵੀ ਨਿਸ਼ਾਨੇ ਸਾਧੇ ਤੇ ਉਸ ਨੂੰ ਪੰਥ ਦਾ ਗਦਾਰ ਕਿਹਾ। ਓਹਨਾ ਕਿਹਾ ਕਿ ਬਾਦਲ ਦਲ ਚ ਰਹਿ ਕੇ ਵਿਰਸਾ ਸਿੰਘ ਵਲਟੋਹਾ ਗਰਕ ਗਿਆ ਹੈ। ਉਹਨਾ ਕਿਹਾ ਕਿ ਕਾਂਗਰਸ ਦੇ ਖੂਨੀ ਪੰਜੇ ਨੂੰ ਗੁਰੂ ਨਾਨਕ ਸਾਹਿਬ ਦਾ ਪੰਜਾ ਕਹਿਣ ਵਾਲੇ ਲੋਕ ਆਪਣੀਆਂ ਹਰਕਤਾਂ ਤੋਂ ਬਾਜ ਆਉਣ, ਰਾਜਾ ਵੜਿੰਗ ਦੀ ਘਰਵਾਲੀ ਨੂੰ ਆਪਣੇ ਇਹ ਘਟੀਆ ਬੋਲ ਵਾਪਸ ਲੈਣੇ ਚਾਹੀਦੇ ਹਨ। ਓਹਨਾ ਕਿਹਾ ਕਿ ਕਾਂਗਰਸ ਪੰਥ ਅਤੇ ਸਿੱਖਾਂ ਦੀ ਕਾਤਲ ਹੈ ਇਸਨੇ ਦਰਬਾਰ ਸਾਹਿਬ ਤੇ ਹਮਲਾ, ਝੂਠੇ ਪੁਲਿਸ ਮੁਕਾਬਲੇ ਅਤੇ ਸਾਡੀ ਨਸਲਕੁਸ਼ੀ ਕੀਤੀ। ਅਖੌਤੀ ਅਕਾਲੀ ਬਾਦਲਾਂ ਦੇ ਰਾਜ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ, ਸਿੰਘਾਂ ਦੀਆਂ ਸ਼ਹੀਦੀਆਂ, ਬਲਾਤਕਾਰੀ ਸਿਰਸੇ ਵਾਲੇ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਮਾਫੀ, ਪੰਥ ਦੀ ਤੌਹੀਨ ਹੋਈ, ਨਸ਼ਿਆਂ ਦੇ ਦਰਿਆ ਵਗੇ। ਝਾੜੂ ਪਾਰਟੀ ਨੇ ਭਾਈ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਉੱਤੇ ਐਨਐਸਏ ਲਗਾ ਕੇ ਡਿਬਰੂਗੜ੍ਹ ਦੀ ਜੇਲ ਵਿੱਚ ਨਜ਼ਰਬੰਦ ਕਰ ਦਿੱਤਾ, ਭਾਜਪਾ ਸਰਕਾਰ ਪੰਥ ਅਤੇ ਪੰਜਾਬ ਨੂੰ ਖਤਮ ਕਰਨਾ ਚਾਹੁੰਦੀ ਹੈ। ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਇਹ ਸਮਾਂ ਹੈ ਕਿ ਇਹਨਾਂ ਵਿਰੋਧੀ ਪਾਰਟੀਆਂ ਨੂੰ ਸਬਕ ਸਿਖਾਇਆ ਜਾਵੇ ਅਤੇ ਪੰਥ ਦਾ ਝੰਡਾ ਬੁਲੰਦ ਕੀਤਾ। ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਹੋਏ ਵੱਡੇ ਇਕੱਠ ਨੇ ਵਿਸ਼ਾਲ ਰੈਲੀ ਦਾ ਰੂਪ ਧਾਰ ਲਿਆ। ਰੈਲੀ ਦੇ ਪ੍ਰਬੰਧਕ ਸ. ਬਲਵਿੰਦਰ ਸਿੰਘ ਬਿੱਲਾ ਅਤੇ ਸ. ਸੁਖਪ੍ਰੀਤ ਸਿੰਘ ਸਾਜਨ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਨਿੱਤਰ ਕੇ ਅਸੀਂ ਸਾਰੇ ਬੜਾ ਮਾਣ ਮਹਿਸੂਸ ਕਰ ਰਹੇ ਹਾਂ। ਉਹਨਾਂ ਕਿਹਾ ਕਿ ਭਾਈ ਅੰਮ੍ਰਿਤ ਪਾਲ ਸਿੰਘ ਜੋ ਸਿੱਖ ਕੌਮ ਅਤੇ ਦੇਸ ਪੰਜਾਬ ਦੀ ਆਵਾਜ਼ ਹੈ। ਇਸ ਮੌਕੇ ਜਵੱਦੀ ਟਕਸਾਲ ਦੇ ਭਾਈ ਜਸਪਾਲ ਸਿੰਘ ਰਾਗੀ ਜੀ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਪੰਥ ਅਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਭਾਈ ਅੰਮ੍ਰਿਤਪਾਲ ਸਿੰਘ ਨੂੰ ਸਮਰਥਨ ਦੇਣ ਲਈ ਸੰਗਤਾਂ ਨੂੰ ਜ਼ੋਰ ਦਿੱਤਾ। ਇਸ ਮੌਕੇ ਰਵੀ ਕੁਮਾਰ, ਸਰਦਾਰ ਮਨਜਿੰਦਰ ਸਿੰਘ ਪ੍ਰਿੰਸ, ਹਰਜਿੰਦਰ ਸਿੰਘ ਜਿੰਦਾ, ਮਨਪ੍ਰੀਤ ਸਿੰਘ ਮਨੀ, ਗਗਨਦੀਪ ਸਿੰਘ ਸੁਲਤਾਨਵਿੰਡ, ਸੰਦੀਪ ਸਿੰਘ ਆਦਿ ਹਾਜ਼ਰ ਸਨ।

ਪ੍ਰਭਾਵਸ਼ਾਲੀ ਚੋਣ ਪ੍ਰਕ੍ਰਿਆ ਲਈ ਸਹਾਇਕ ਰਿਟਰਨਿੰਗ ਅਫਸਰ ਦੁਆਰਾਂ ਹਲਕੇ ਦੇ ਬੂਥਾਂ ਦਾ ਕੀਤਾ ਗਿਆ ਨਿਰੀਖਣ

# ਹਰੇਕ ਬੂਥ ਤੇ ਵੋਟਰਾਂ ਨੂੰ ਕਮਿਸ਼ਨ ਵੱਲੋਂ ਦਿੱਤੀਆਂ ਜਾ ਰਹੀਆਂ ਸੁਵਿਧਾਵਾ ਦਾ ਲਿਆ ਜਾਇਜ਼ਾ



ਫ਼ਿਰੋਜ਼ਪੁਰ, 21 ਮਈ (ਮਨੋਹਰ ਲਾਲ) :— ਭਾਰਤ ਚੋਣ ਕਮਿਸ਼ਨ ਅਤੇ ਮੁੱਖ ਚੋਣ ਅਫਸਰ ਪੰਜਾਬ ਦੇ ਦਿਸ਼ਾ—ਨਿਰਦੇਸ਼ਾ ਅਨੁਸਾਰ ਅਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਅੱਜ ਜ਼ਿਲ੍ਹਾ ਚੋਣ ਅਫਸਰ ਕਮ—ਡਿਪਟੀ ਕਮਿਸ਼ਨਰ ਫਿਰੋਜਪੁਰ ਰਾਜੇਸ਼ ਧਿਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਹਾਇਕ ਰਿਟਰਨਿੰਗ ਅਫਸਰ ਮੈਡਮ ਨਿਧੀ ਕੁਮਦ ਬੰਬਾਹ ਦੀ ਅਗਵਾਈ ਵਿਚ ਏ.ਆਰ.ਓ—1 ਕਮ ਡੀਡੀਪੀਓ ਜਸਵੰਤ ਸਿੰਘ ਬੜੈਚ ਨੇ ਅੱਜ ਪ੍ਰਭਾਵਸ਼ਾਲੀ ਚੋਣ ਪ੍ਰਕ੍ਰਿਆ ਲਈ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਬੂਥਾਂ ਦਾ ਨਿਰੀਖਣ ਕੀਤਾ। ਉਨ੍ਹਾਂ ਹਰੇਕ ਬੂਥ ਤੇ ਵੋਟਰਾਂ ਨੂੰ ਕਮਿਸ਼ਨ ਵੱਲੋਂ ਦਿੱਤੀਆਂ ਜਾ ਰਹੀਆਂ ਸੁਵਿਧਾਵਾਂ ਦਾ ਜਾਇਜ਼ਾ ਲਿਆ ਅਤੇ ਹਰੇਕ ਬੂਥ ਤੇ ਬੀ.ਐਲ.ਓ ਨੂੰ ਮਿਲ ਕੇ ਬੂਥ ਨੂੰ ਹੋਰ ਵਧੀਆਂ ਬਣਾਉਣ ਦੇ ਨੁਕਤੇ ਸਾਂਝੇ ਕੀਤੇ। ਰਿਟਰਨਿੰਗ ਅਫਸਰ ਕਮ ਏ.ਡੀ.ਸੀ ਨਿਧੀ ਕੁੰਮਦ ਬੰਬਾਹ ਨੇ ਦੱਸਿਆ ਕਿ ਅੱਜ ਫਿਰੋਜਪੁਰ ਦਿਹਾਤੀ ਦੇ ਵੱਖ—ਵੱਖ ਬੂਥਾਂ ਦਾ ਜਾਇਜ਼ਾ ਲਿਆ ਅਤੇ ਦੇਖਿਆ ਕਿ ਪੀ.ਡਬਲਯੂ.ਡੀ ਦੀ ਸੁਵਿਧਾ ਲਈ ਰੈਂਪ ਬਣੇ ਹੋਣ, ਪੀਣ ਦੇ ਪਾਣੀ ਦੀ ਵਿਵਸਥਾ, ਬਹੁਤੇ ਆਉਣ ਜਾਣ ਲਈ ਸੌਖਾ ਪ੍ਰਬੰਧ ਹੋਵੇ। ਡੀ.ਡੀ.ਪੀ.ਓ ਜਸਵੰਤ ਵੜੈਚ ਨੇ ਦੱਸਿਆ ਕਿ ਹਲਕੇ ਵਿੱਚ ਇਸ ਵਾਰ ਚਾਰ ਆਦਰਸ਼ ਬੂਥ, ਦੋ ਪਿੰਕ ਬੂਥ, ਦੋ ਯੂਥ ਬੂਥ, ਦੋ ਪੀ.ਡਬਲਯੂ.ਡੀ ਸੰਚਾਲਿਤ ਬੂਥ ਬਣਾਏ ਜਾ ਰਹੇ ਹਨ। ਉਨ੍ਹਾਂ ਅੱਜ ਸਰਕਾਰੀ ਪ੍ਰਾਇਮਰੀ ਸਕੂਲ ਤੂਤ, ਝੋਕ ਹਰੀਹਰ, ਬਾਜੀਦਪੁਰ, ਐਸ.ਬੀ.ਐਸ ਯੂਨੀਵਰਸਿਟੀ, ਫਿਰੋਜਸ਼ਾਹ ਆਦਿ ਬੂਥਾਂ ਦਾ ਨਰੀਖਣ ਕੀਤਾ ਅਤੇ ਵੋਟਰਾਂ ਨੂੰ ਵੋਟਰ ਗਾਈਡ ਵੀ ਵੰਡੇ। ਇਸ ਮੌਕੇ ਉਨ੍ਹਾਂ ਨਾਲ਼ ਸਵੀਪ ਕੋਆਰਡੀਨੇਟਰ ਦਿਹਾਤੀ ਕਮਲ ਸ਼ਰਮਾ, ਇਲੈਕਸ਼ਨ ਸੈਲ ਇੰਨਚਾਰਜ ਜਸਵੰਤ ਸੈਣੀ, ਸਹਾਇਕ ਸਵੀਪ ਕੋਆਰਡੀਨੇਟਰ ਚਰਨਜੀਤ ਸਿੰਘ ਚਹਿਲ, ਅੰਗਰੇਜ ਸਿੰਘ ਆਦਿ ਹਾਜ਼ਰ ਸਨ।

# ਸਰਕਾਰ ਵੱਲੋਂ ਛੁੱਟੀਆਂ ਕਰਨ ਦੇ ਫੈਸਲੇ ਨਾਲ ਬੱਚਿਆਂ ਦੀ ਪੜ੍ਹਾਈ ਤੇ ਪਵੇਗਾ ਅਸਰ—ਕੇਸਰ



ਫ਼ਿਰੋਜ਼ਪੁਰ, 21 ਮਈ (ਮਨੋਹਰ ਲਾਲ) :— ਪੰਜਾਬ ਸਰਕਾਰ ਵੱਲੋਂ ਗਰਮੀਆਂ ਦੀਆਂ ਛੁੱਟੀਆਂ ਸਮੇਂ ਤੋਂ ਪਹਿਲਾਂ ਅਤੇ ਅਚਾਨਕ ਕਰਨ ਨਾਲ ਬੱਚਿਆਂ ਦੀ ਪੜ੍ਹਾਈ ਤੇ ਬਹੁਤ ਮਾੜਾ ਪ੍ਰਭਾਵ ਪਵੇਗਾ, ਕਿਉਂਕਿ ਬਹੁਤੇ ਸਕੂਲਾਂ ਵਿਚ ਬੱਚਿਆਂ ਦੇ ਪਹਿਲੀ ਟਰਮ ਦੇ ਪੇਪਰ ਅਜੇ ਸ਼ੁਰੂ ਹੀ ਹੋਏ ਸਨ ਅਤੇ ਬੱਚਿਆ ਨੂੰ ਅਜੇ ਛੁੱਟੀਆਂ ਦਾ ਕੰਮ ਵੀ ਦੇਣਾ ਬਾਕੀ ਸੀ। ਇਹ ਵਿਚਾਰ ਸਾਂਝੇ ਕਰਦਿਆਂ ਨਰਿੰਦਰ ਸਿੰਘ ਕੇਸਰ ਨੇ ਦੱਸਿਆ ਕਿ ਇਸ ਸਬੰਧੀ ਸਰਕਾਰ ਨੂੰ ਬੇਨਤੀ ਹੈ ਕਿ ਘੱਟੋ ਘੱਟ 3 ਘੰਟੇ (ਸਵੇਰੇ 7 ਤੋਂ 10) ਸਕੂਲ ਖੋਲ੍ਹਣ ਦੀ ਇਜਾਜ਼ਤ ਦਿੱਤੀ ਜਾਵੇ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਅੱਜ ਰੈਕੋਗਨਾਇਜ਼ਡ ਐਂਡ ਐਫਿਲੀਏਟਿਡ ਸਕੂਲ ਐਸੋਸੀਏਸ਼ਨ (ਰਾਸਾ) ਦੀ ਇਕ ਜ਼ਰੂਰੀ ਮੀਟਿੰਗ ਹੋਈ। ਗੱਲਬਾਤ ਕਰਦਿਆਂ ਨਰਿੰਦਰ ਸਿੰਘ ਕੇਸਰ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਆਪਣੇ ਇਸ ਫੈਸਲੇ ਬਾਰੇ ਦੁਬਾਰਾ ਸੋਚਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਿਨ੍ਹਾਂ ਸ਼ੱਕ ਗਰਮੀ ਵਿਚ ਵਾਧਾ ਹੋਇਆ ਹੈ ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਛੋਟੇ ਬੱਚਿਆਂ ਨੂੰ ਭਾਵ ਨਰਸਰੀ ਤੋਂ ਲੈ ਕੇ ਤੀਜੀ ਜਾਂ ਚੌਥੀ ਕਲਾਸ ਤੱਕ ਦੇ ਬੱਚਿਆਂ ਨੂੰ ਛੁੱਟੀਆਂ ਕਰ ਦੇਣੀਆਂ ਚਾਹੀਦੀਆਂ ਹਨ, ਪਰ ਵੱਡੇ ਬੱਚਿਆ ਨੂੰ ਪੜ੍ਹਾਈ ਲਈ ਘੱਟੋ—ਘੱਟ 3 ਘੰਟੇ ਸਕੂਲ ਖੋਲ੍ਹਣ ਦੀ ਇਜਾਜ਼ਤ ਜ਼ਰੂਰ ਦਿੱਤੀ ਜਾਵੇ ਕਿਉਂਕਿ ਸਵੇਰ ਸਮੇਂ ਤਾਪਮਾਨ ਜਿਆਦਾ ਨਹੀਂ ਹੁੰਦਾ। ਸਰਕਾਰ ਨੂੰ ਅਪੀਲ ਕਰਦਿਆਂ ਕੇਸਰ ਨੇ ਕਿਹਾ ਕਿ ਬੱਚਿਆਂ ਦੀ ਸਹੂਲਤ ਲਈ ਹਰ ਸਕੂਲ ਕੋਲ ਠੰਡੇ ਪਾਣੀ, ਪੱਖੇ, ਕੂਲਰ, ਏ.ਸੀ ਆਦਿ ਦਾ ਖਾਸ ਪ੍ਰਬੰਧ ਹੈ, ਇਸ ਤੋਂ ਇਲਾਵਾ ਪ੍ਰਾਈਵੇਟ ਸਕੂਲਾਂ ਕੋਲ ਬਿਜਲੀ—ਪਾਣੀ ਦੇ ਨਾਲ—ਨਾਲ ਜਨਰੇਟਰ ਆਦਿ ਦੀ ਵੀ ਸੁਵਿਧਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਦੇ ਬਹੁਤੇ ਮਾਪੇ ਵੀ ਸਰਕਾਰ ਦੇ ਇਸ ਫੈਸਲੇ ਤੋਂ ਨਾਖੁਸ਼ ਹਨ। ਇਸ ਮੌਕੇ ਬੋਲਦਿਆਂ ਮਾਪਿਆ ਨੇ ਕਿਹਾ ਕਿ ਇਨ੍ਹਾਂ ਅਚਾਨਕ ਹੋਈਆਂ ਛੁੱਟੀਆਂ ਨਾਲ ਬੱਚਿਆ ਦੀ ਪੜ੍ਹਾਈ ਪਰ ਬੁਰਾ ਪ੍ਰਭਾਵ ਪਵੇਗਾ। ਬੱਚਿਆਂ ਦੇ ਮਾਪਿਆਂ ਨੇ ਵੀ ਸਰਕਾਰ ਨੂੰ ਅਪਣਾ ਫੈਸਲਾ ਬਦਲਣ ਦੀ ਅਪੀਲ ਕੀਤੀ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸੁਨੀਲ ਮੋਂਗਾ, ਮਨਜੀਤ ਸਿੰਘ ਵਿਰਕ, ਨਵਤੇਜ ਸਿੰਘ, ਅਨੰਦ ਵਿਨਾਇਕ, ਜੀਵਨ ਲਾਲ ਧੀਰ, ਰੋਹਿਤ ਮਦਾਨ, ਕਵਲਜੀਤ ਸਿੰਘ ਕੱਸੋਆਣਾ, ਇੰਦਰਪਾਲ ਸਿੰਘ, ਜਗਤਾਰ ਸਿੰਘ, ਰਾਕੇਸ਼ ਅਰੋੜਾ ਆਦਿ ਸਕੂਲ ਮੁਖੀ ਹਾਜਿਰ ਸਨ।

# ਸਰਕਾਰੀ ਪ੍ਰਾਇਮਰੀ ਸਕੂਲ ਕਮਾਲੇ ਵਾਲਾ ਦੇ 2 ਕਮਰੇ ਅਸੁਰਖਿਅਤ ਘੋਸ਼ਿਤ






ਫ਼ਿਰੋਜ਼ਪੁਰ, 21 ਮਈ (ਮਨੋਹਰ ਲਾਲ) :— ਸਰਕਾਰੀ ਪ੍ਰਾਇਮਰੀ ਸਕੂਲ ਕਮਾਲੇ ਵਾਲਾ ਫਿਰੋਜ਼ਪੁਰ—3 ਦੀ ਬਿਲਡਿੰਗ ਦੀ ਹਾਲਤ ਕਾਫੀ ਖਸਤਾ ਹੈ, ਇਸ ਸਬੰਧੀ ਉਪ ਮੰਡਲ ਇੰਜੀਨੀਅਰ ਪ੍ਰਾਂਤਕ, ਉਪ ਮੰਡਲ ਭਤੇਮ ਸ਼ਾਖਾ ਫਿਰੋਜ਼ਪੁਰ ਨੇ ਪੱਤਰ ਜਾਰੀ ਕਰਦਿਆਂ ਲਿਖਿਆ ਕਿ ਮਹਿਕਮੇ ਵੱਲੋਂ ਸਕੂਲ ਦੀ ਇਮਾਰਤ ਦਾ ਨਿਰੀਖਣ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਮਾਰਤ ਦੀ ਹਾਲਤ ਕਾਫੀ ਖਸਤਾ ਹੋਈ ਪਈ ਹੈ, ਸਕੂਲ ਦਾ ਇਕ ਕਮਰਾ ਜਿਸ ਦੀ ਇਕ ਕੰਧ ਕਾਫੀ ਸਮੇਂ ਪਹਿਲਾ ਡਿੱਗ ਚੁੱਕੀ ਹੈ ਤੇ ਕਮਰੇ ਦੀ ਛੱਤ ਵੀ ਡਿੱਗਣ ਕਿਨਾਰੇ ਤੇ ਹੈ ਅਤੇ ਕਮਰੇ ਨਾਲ ਲੱਗਦਾ ਬਰਾਂਡਾ ਵੀ ਕਾਫੀ ਖਸਤਾ ਹਾਲਤ ਵਿਚ ਹੈ ਅਤੇ ਕਿਸੇ ਸਮੇਂ ਵੀ ਕੋਈ ਅਣਸੁਖਾਵੀਂ ਘਟਨਾ ਵਾਪਰਨ ਦਾ ਖਦਸ਼ਾ ਹੈ। ਉਨ੍ਹਾਂ ਲਿਖਿਆ ਕਿ ਕਮਰੇ ਦੀ ਛੱਤ ਵੀ ਆਰਜੀ ਇੱਟਾ ਦੀ ਬਣਾਈ ਗਈ ਹੈ। ਇਸ ਤੋਂ ਇਲਾਵਾ ਹੋਰ ਕੰਧਾਂ ਵੀ ਕਾਫੀ ਮਾੜੀ ਹਾਲਤ ਵਿਚ ਹਨ। ਇਸ ਸਬੰਧੀ ਗੱਲਬਾਤ ਕਰਦਿਆਂ ਆਮ ਲੋਕਾਂ ਨੇ ਕਿਹਾ ਕਿ ਪ੍ਰਾਇਮਰੀ ਸਕੂਲ ਹੋਣ ਕਾਰਨ ਸਕੂਲ ਵਿਚ ਬਹੁਤੇ ਬੱਚੇ ਘੱਟ ਉਮਰ ਦੇ ਹਨ ਇਸ ਲਈ ਕਿਸੇ ਸਮੇਂ ਵੀ ਅਣਸੁਖਾਵੀਂ ਘਟਨਾ ਵਾਪਰਨ ਦਾ ਡਰ ਹਰ ਵੇਲੇ ਬਣਿਆ ਹੋਇਆ ਹੈ ਇਸ ਲਈ ਉਕਤ ਮਹਿਕਮੇ ਵੱਲੋ ਇਸ ਇਮਾਰਤ ਨੂੰ ਅਸੁਰੱਖਿਅਤ ਘੋਸ਼ਿਤ ਕੀਤਾ ਜਾਂਦਾ ਹੈ। ਇਸ ਸਬੰਧੀ ਸਕੂਲ ਵਿਚ ਪੜ੍ਹਨ ਵਾਲੇ ਬੱਚਿਆ ਨੂੰ ਉਕਤ ਕਮਰੇ ਅਤੇ ਬਰਾਂਡੇ ਵੱਲ ਜਾਣ ਤੋਂ ਰੋਕਿਆ ਜਾਵੇ ਤਾਂ ਜੋ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ। ਇਸ ਸਬੰਧੀ ਸਿੱਖਿਆ ਵਿਭਾਗ ਨੂੰ ਚਿੱਠੀ ਲਿਖ ਕੇ ਜਾਣਕਾਰੀ ਦਿੱਤੀ ਗਈ ਹੈ ਕਿ ਇਸ ਕਮਰੇ ਤੇ ਬਰਾਂਡੇ ਨੂੰ ਡਿਸਮੈਟਲ ਕੀਤਾ ਜਾਵੇ।

## ਪੰਜਾਬ ਦੀਆਂ ਇਲੈਕਸ਼ਨ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਅਤੇ ਸਮੂਹ ਪੰਥ ਹਿਤੈਸ਼ੀ ਉਮੀਦਵਾਰਾਂ ਨੂੰ ਭਾਰੀ ਗਿਣਤੀ' ਚ ਵੋਟ ਪਾਉਣ ਦੀ ਅਪੀਲ: ਸਿੱਖ ਫੈਡਰੇਸ਼ਨ ਯੂਕੇ



ਨਵੀਂ ਦਿੱਲੀ 21 ਮਈ (ਮਨਪ੍ਰੀਤ ਸਿੰਘ ਖਾਲਸਾ):-ਸਿੱਖ ਫੈਡਰੇਸ਼ਨ ਯੂਕੇ ਪੰਜਾਬ ਵਿਚ ਆਉਣ ਵਾਲੀਆਂ ਚੋਣਾਂ ਵਿੱਚ ਸਮੂਹ ਪੰਥ ਹਿਤੈਸ਼ੀ ਉਮੀਦਵਾਰਾਂ ਦੀ ਹਮਾਇਤ ਕਰਨ ਲਈ ਪੰਜਾਬ ਦੇ ਸਮੂਹ ਵੋਟਰਾਂ ਅਪੀਲ ਕਰਦੀ ਹੈ। ਪਿਛਲੇ ਲਗਭਗ 70 ਸਾਲਾਂ ਤੋਂ ਕਾਬਜ ਰਾਜਨੀਤਕ ਪਾਰਟੀਆਂ ਵਲੋਂ ਪੰਜਾਬ ਦੇ ਲੋਕਾਂ ਨੂੰ ਬੁਰੀ ਤਰਾਂ ਲੁਟਿਆ ਅਤੇ ਮਾਰਿਆ ਗਿਆ ਹੈ। ਇਸ ਵਾਰੀ ਅਸੀਂ ਪੰਜਾਬ ਦੇ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਅਜਾਦ ਤੌਰ ਤੇ ਖੜ੍ਹੇ ਸਿੱਖ ਪੰਥਕ ਉਮੀਦਵਾਰਾਂ ਨੂੰ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ। ਪੰਜਾਬ ਦੇ ਲੋਕਾਂ ਨੂੰ ਅਪੀਲ ਹੈ ਕਿ ਉਹ ਕਿਸੇ ਪਾਰਟੀ ਦੇ ਵੀ ਉਮੀਦਵਾਰ ਨੂੰ ਸਪੋਰਟ ਕਰਨ ਪਰ ਉਹ ਪੰਥਕ ਸਿਧਾਂਤਾਂ 'ਤੇ ਪਹਿਰਾ ਦੇਣ ਵਾਲੇ ਹੋਣ। ਪੰਜਾਬ ਦੇ ਲੋਕਾਂ ਨੂੰ ਭਲੀਭਾਂਤ ਪਤਾ ਹੈ ਕਿ ਕਿਹੜੇ ਉਮੀਦਵਾਰ ਸਿੱਖ ਸਿਧਾਂਤਾਂ ਅਨੁਸਾਰ ਪੰਜਾਬ ਦੀ ਸੇਵਾ ਕਰਨ ਦੇ ਯੋਗ ਹਨ। ਪਿਛਲੇ ਸਮੇ ਤੋਂ ਅਸੀਂ ਸਿੱਖਾਂ ਦੇ ਵੱਖਰੇ ਖਾਲਸਾ ਰਾਜ ਦੇ ਮੁਲਕ ਦੀ ਪ੍ਰਾਪਤੀ ਲਈ ਜੱਦੋ ਜਹਿਦ ਕਰ ਰਹੇ ਹਾਂ ਪਰ ਜਿਵੇਂ ਕਿ ਅੱਜ ਦੁਨੀਆਂ ਦੇ ਬਹੁਤ ਸਾਰੇ ਮੁਲਕ ਲੋਕਤੰਤਰ ਵਿੱਚ ਵਿਸ਼ਵਾਸ ਰੱਖਦੇ ਹਨ ਇਸਦੇ ਮੱਦੇਨਜਰ ਸਾਨੂੰ ਸਿੱਖ ਚਿਹਰੇ ਮੁਹਰੇ ਵਾਲੇ ਓਮੀਦਵਾਰਾਂ ਨੂੰ ਜਿਤਾਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਖਡੂਰ ਸਾਹਿਬ ਦੇ ਹਲਕੇ ਤੋਂ ਭਾਈ ਅੰਮ੍ਰਿਤਪਾਲ ਸਿੰਘ ਦੀ ਹਮਾਇਤ ਕਰਨੀ ਬਣਦੀ ਹੈ। ਸੁਖਬੀਰ ਬਾਦਲ ਤੇ ਵਿਰਸਾ ਸਿੰਘ ਵਲਟੋਹਾ ਨੂੰ ਆਪਣਾ ਮੂੰਹ ਬੰਦ ਰੱਖਣਾ ਚਾਹੀਦਾ ਹੈ। ਇੰਨ੍ਹਾ ਦੀਆਂ ਪੰਥ ਮਾਰੂ ਨੀਤੀਆਂ ਕਾਰਨ ਪੰਜਾਬ ਨੂੰ ਅੱਜ ਅਨੇਕਾਂ ਦੁਸ਼ਵਾਰੀਆਂ ਝੱਲਣੀਆਂ ਪੈ ਰਹੀਆਂ ਹਨ। ਖਡੂਰ ਸਾਹਿਬ ਹਲਕਾ ਦੇ ਲੋਕਾਂ ਨੂੰ ਅਪੀਲ ਹੈ ਕਿ ਬੀਬੀ ਪਰਮਜੀਤ ਕੌਰ ਖਾਲੜਾ ਦੇ ਇਲੈਕਸ਼ਨ ਵਿੱਚ ਲੱਗਾ ਦਾਗ ਧੋਣ ਦਾ ਸਮਾ ਆ ਗਿਆ ਹੈ।ਖਡੂਰ ਸਾਹਿਬ ਹਲਕੇ ਦੇ ਸਾਰੇ ਵੋਟਰ ਡਟ ਕੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਵੋਟ ਪਾਉਣ ਤਾਂ ਜੋ ਉਹਨਾ ਦੀ ਰਿਹਾਈ ਹੋ ਸਕੇ। ਸਿੱਖ ਫੈਡਰੇਸ਼ਨ ਯੂਕੇ ਫਿਰ ਤੋਂ ਪੰਜਾਬ ਦੇ ਸਮੂਹ ਵੋਟਰਾਂ ਨੂੰ ਅਪੀਲ ਕਰਦੀ ਹੈ ਕਿ ਉਹ ਪੰਥਕ ਸਿਧਾਂਤਾਂ ਨੂੰ ਸਮਰਪਿਤ ਉਮੀਦਵਾਰਾਂ ਨੂੰ ਹੀ ਵੋਟ ਪਾਉਣ।

### ਖਾਲਸਾ ਕਾਲਜ ਮਹਿਤਾ ਦੇ

## ਬੀ ਕਾਮ,ਬੀ ਸੀ ਏ ਅਤੇ ਬੀ ਏ ਦੇ ਨਤੀਜੇ ਸ਼ਾਨਦਾਰ ਰਹੇ



ਚੌਕ ਮਹਿਤਾ 21 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ) ।ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ਼੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿਡਰਾਂਵਾਲ਼ਿਆਂ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਕਾਲਜ ਮਹਿਤਾ ਵਿੱਚ ਚੱਲ ਰਹੇ ਕੋਰਸ ਬੀ. ਏ, ਬੀ ਕਾਮ, ਬੀ ਸੀ ਏ, ਬੀ ਐੱਸ ਸੀ ਇਕਨੋਮਿਕਸ,ਅਤੇ ਐੱਮ ਏ ਹਿਸਟਰੀ ਦੇ ਨਤੀਜੇ ਲਗਾਤਾਰ ਐਲਾਨੇ ਜਾ ਰਹੇ ਹਨ। ਜਿੰਨਾ ਵਿਚ ਵਿਦਿਆਰਥੀਆਂ ਦੇ ਪੜਾਈ ਸਬੰਧੀ ਉਤਸ਼ਾਹ ਨੂੰ ਦੇਖਿਆ ਗਿਆ ਹੈ।ਕੁੜੀਆਂ ਦੇ ਨਾਲ ਨਾਲ ਮੁੰਡਿਆਂ ਨੇ ਵੀ ਵਧੀਆ ਅੰਕ ਪ੍ਰਾਪਤ ਕੀਤੇ ਹਨ ।ਗੁਰੂ ਨਾਨਕ ਦੇਵ ਯੂਨਵਰਸਿਟੀ ਵੱਲੋਂ ਲਈਆਂ ਗਈਆਂ ਸਮੈਸਟਰ ਪਹਿਲੇ ਦੀਆਂ ਪ੍ਰੀਖਿਆਵਾਂ ਵਿਚੋਂ ਖਾਲਸਾ ਕਾਲਜ ਮਹਿਤਾ ਦੇ ਬੀ ਕਾਮ ਵਿਭਾਗ ਦੇ ਵਿਦਿਆਰਥੀਆਂ ਨੇ ਬਹੁਤ ਹੀ ਵਧੀਆ ਅੰਕ ਪ੍ਰਾਪਤ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ । ਵਿਦਿਆਰਥੀਆਂ ਦੀ ਕਠੋਰ ਮੇਹਨਤ ਅਤੇ ਪੜ੍ਹਾਈ ਨਾਲ ਲਗਨ ਹੋਣ ਕਰਕੇ ਇਹ ਸੰਭਵ ਹੋ ਸਕਿਆ ਹੈ। ਜਿਕਰਜੋਗ ਹੈ ਕਿ ਹਰੇਕ ਵਿਦਿਆਰਥੀ ਨੇ ਪ੍ਰੀਖਿਆ ਵਿਚ ਚੰਗੇ ਨੰਬਰ ਹਾਸਿਲ ਕਰਕੇ ਕਾਲਜ ਦਾ ਸੋ ਫ਼ੀਸਦੀ ਨਤੀਜਾ ਪੇਸ਼ ਕੀਤਾ ਹੈ। ਜਿਸ ਵਿਚੋਂ ਕੁਝ ਹੋਣਹਾਰ ਵਿਦਿਆਰਥਣਾਂ ਹਰਪ੍ਰੀਤ ਕੌਰ, ਜਗਪ੍ਰੀਤ ਕੌਰ,ਅਤੇ ਸੁਖਮਨਦੀਪ ਕੌਰ ਨੇ ਕਾਲਜ ਵਿੱਚੋ ਕ੍ਰਮਵਾਰ ਪਹਿਲਾ , ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ ਹੈ ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਅਤੇ ਸਮੂਹ ਅਧਿਆਪਕ ਸਹਿਬਾਨਾਂ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ ਅਤੇ ਆਉਣ ਵਾਲੇ ਸਮੇਂ ਵਿੱਚ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰਨ ਦੀਆਂ ਦੁਆਵਾਂ ਦਿੱਤੀਆਂ। ਇਸ ਉਪਰੰਤ ਪ੍ਰਿੰਸੀਪਲ ਸਾਹਿਬਾਨ ਸ. ਗੁਰਦੀਪ ਸਿੰਘ ਜਲਾਲ ਉਸਮਾਂ ਜੀ ਨੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਅਤੇ ਓਹਨਾਂ ਨੂੰ ਕਾਲਜ ਵੱਲੋਂ ਸਰਟੀਫਿਕੇਟ ਵੀ ਦਿੱਤੇ ਗਏ,ਜੋ ਵਿਦਿਆਰਥੀਆਂ ਦੇ ਆਉਣ ਵਾਲੇ ਭਵਿੱਖ ਵਿਚ ਲਾਭ ਦੇਣਗੇ। ਇਸ ਮੌਕੇ ਤੇ ਗਿਆਨੀ ਸਾਹਿਬ ਸਿੰਘ ਜੀ, ਕਾਲਜ ਦੇ ਪ੍ਰਿੰ.ਸ.ਗੁਰਦੀਪ ਸਿੰਘ ਜਲਾਲ ਉਸਮਾ, ਮੈਡਮ ਕੁਲਦੀਪ ਕੌਰ,ਮਨਜੀਤ ਕੌਰ, ਕਿਰਨਬੀਰ ਕੌਰ, ਪੂਰਤੀ ਸ਼ਰਮਾ,ਗੁਰਵਿੰਦਰ ਕੌਰ,ਗੁਰਸ਼ਰਨਪ੍ਰੀਤ ਕੌਰ,ਰੁਪਿੰਦਰ ਕੌਰ, ਕੁਲਜੀਤ ਕੌਰ, ਸੁਪਰੀਤ ਕੌਰ, ਨਵਨੀਤ ਕੌਰ,ਕਾਬਲ ਸਿੰਘ ਪੁਰਬਾ ਆਦਿ ਵੀ ਸ਼ਾਮਿਲ ਸਨ।

## ਦਿੱਲੀ ਗੁਰਦੁਆਰਾ ਕਮੇਟੀ ਵੱਲੋਂ 1 ਤੋਂ 21 ਜੂਨ ਤੱਕ ਦੇਸ਼ ਭਰ ਵਿੱਚ ਲਗਾਏ ਜਾਣਗੇ ਗੁਰਮਤਿ ਕੈਂਪ: ਜਸਪ੍ਰੀਤ ਸਿੰਘ ਕਰਮਸਰ



ਨਵੀਂ ਦਿੱਲੀ, 21 ਮਈ (ਮਨਪ੍ਰੀਤ ਸਿੰਘ ਖਾਲਸਾ): ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਰਮ ਪ੍ਰਚਾਰ ਵਿਭਾਗ ਵੱਲੋਂ ਬੱਚਿਆਂ ਨੂੰ ਪੰਜਾਬੀ ਅਤੇ ਇਤਿਹਾਸ ਦੀ ਸਿੱਖਿਆ ਦੇਣ ਲਈ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਗੁਰਮਤਿ ਕੈਂਪ ਲਗਾਏ ਜਾ ਰਹੇ ਹਨ। ਦੇਸ਼ ਭਰ 'ਚ 1 ਤੋਂ 21 ਜੂਨ ਤੱਕ ਗੁਰਮਤਿ ਕੈਂਪ ਲਗਾਏ ਜਾਣਗੇ ਅਤੇ 22-23 ਜੂਨ ਨੂੰ ਲੱਖੀ ਸ਼ਾਹ ਵਣਜਾਰਾ ਹਾਲ ਵਿਖੇ ਭਾਗ ਲੈਣ ਵਾਲੇ ਸਾਰੇ ਪ੍ਰਤੀਯੋਗੀਆਂ ਅਤੇ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਸੰਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦਿੱਲੀ ਕਮੇਟੀ ਧਰਮ ਪ੍ਰਚਾਰ ਦੇ ਚੇਅਰਮੈਨ ਜਸਪ੍ਰੀਤ ਸਿੰਘ ਕਰਮਸਰ ਨੇ ਦੱਸਿਆ ਕਿ ਬੀਤੇ ਸਮੇਂ ਦੌਰਾਨ ਗੁਰਮਤਿ ਕੈਂਪਾਂ ਦੀ ਸਫਲਤਾ ਤੋਂ ਬਾਅਦ ਪੂਰੇ ਦੇਸ਼ ਭਰ ਤੋਂ ਕੈਂਪ ਲਗਾਉਣ ਦੀ ਮੰਗ ਕੀਤੀ ਜਾ ਰਹੀ ਸੀ ਜਿਸ ਨੂੰ ਵੇਖਦਿਆਂ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਦਿੱਲੀ ਦੇ ਨਾਲ-ਨਾਲ ਹਰਿਆਣਾ, ਪੰਜਾਬ, ਆਗਰਾ, ਰਾਏਪੁਰ, ਬੰਗਾਲ, ਪਟਨਾ, ਲਖਨਊ ਅਤੇ ਹੋਰਨਾਂ ਥਾਵਾਂ 'ਤੇ ਕੈਂਪ ਲਗਾਏ ਜਾਣਗੇ। ਇਸ ਵਾਰ ਇਨ੍ਹਾਂ ਕੈਂਪਾ ਵਿੱਚ 20 ਹਜ਼ਾਰ ਤੋਂ ਵੱਧ ਬੱਚਿਆਂ ਦੇ ਭਾਗ ਲੈਣ ਦੀ ਉਮੀਦ ਹੈ। ਇਨ੍ਹਾਂ ਬੱਚਿਆਂ ਨੂੰ ਮਾਂ ਬੋਲੀ ਅਤੇ ਗੁਰੂ ਇਤਿਹਾਸ ਸੰਬੰਧੀ ਜਾਣਕਾਰੀ ਦੇਣ ਦੇ ਇੱਛੁਕ 600 ਤੋਂ ਵੱਧ ਅਧਿਆਪਕਾਂ ਦੀਆਂ ਅਰਜ਼ੀਆਂ ਧਰਮ ਪ੍ਰਚਾਰ ਵਿਭਾਗ ਕੋਲ ਪਹੁੰਚੀਆਂ ਹਨ।

ਸਰਦਾਰ ਕਰਮਸਰ ਨੇ ਦੱਸਿਆ ਕਿ ਕਮੇਟੀ ਵੱਲੋਂ ਬੱਚਿਆਂ ਲਈ ਕਿਤਾਬਾਂ ਅਤੇ ਹੋਰ ਸਟੇਸ਼ਨਰੀ ਵੀ ਤਿਆਰ ਕੀਤੀ ਗਈ ਹੈ, ਜੋ ਕਿ ਬੱਚਿਆਂ ਨੂੰ ਮਾਤਰ ਭਾਸ਼ਾ ਸਿੱਖਣ ਵਿਚ ਸਹਾਇਕ ਸਿੱਧ ਹੋਵੇਗੀ। ਉਨ੍ਹਾਂ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋ ਦਾ ਧੰਨਵਾਦ ਕੀਤਾ, ਜਿਨ੍ਹਾਂ ਦੇ ਵਿਸ਼ੇਸ਼ ਸਹਿਯੋਗ ਨਾਲ ਇਹ ਗੁਰਮਤਿ ਕੈਂਪ ਲਗਾਏ ਜਾ ਰਹੇ ਹਨ।

## ਗੁਰੂਕੁਲ ਮਾਡਲ ਹਾਈ ਸਕੂਲ ਵਿਚ ਲਾਇਆ ਵੋਟਰ ਜਾਗਰੂਕਤਾ ਸੈਮੀਨਾਰ



ਫ਼ਿਰੋਜ਼ਪੁਰ, 21 ਮਈ (ਮਨੋਹਰ ਲਾਲ):— ਲੋਕ ਸਭਾ ਚੋਣਾਂ ਦੇ ਚਲਦਿਆਂ ਆਮ ਲੋਕਾਂ ਨੂੰ ਵੋਟ ਦੇ ਅਧਿਕਾਰ ਤੋਂ ਜਾਗਰੂਕ ਕਰਨ ਦੇ ਮੰਤਵ ਨਾਲ ਅੱਜ ਗੁਰੂਕੁਲ ਮਾਡਲ ਹਾਈ ਸਕੂਲ ਬਾਰਡਰ ਰੋਡ ਫ਼ਿਰੋਜ਼ਪੁਰ ਸ਼ਹਿਰ ਵਿਖੇ ਵੋਟਰ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ। ਇਸ ਮੌਕੇ ਪਹੁੰਚੇ ਪਤਵੰਤਿਆਂ ਵੱਲੋਂ ਸਕੂਲੀ ਬੱਚਿਆਂ, ਮਾਪਿਆਂ ਤੇ ਅਧਿਆਪਕਾਂ ਨੂੰ ਵੋਟਰ ਜਾਗਰੂਕਤਾ ਅਤੇ ਨੈਤਿਕ ਕਦਰਾਂ ਕੀਮਤਾਂ ਪ੍ਰਤੀ ਸੁਚੇਤ ਕਰਨ ਲਈ ਵਿਚਾਰ ਸਾਂਝੇ ਕੀਤੇ ਗਏ। ਸਕੂਲ ਕੈਂਪਸ ਵਿਚ ਲਾਇਆ ਇਹ ਕੈਂਪ ਪ੍ਰਿੰਸੀਪਲ ਨਸੀਬ ਸਿੰਘ ਗਿੱਲ, ਮੈਨੇਜਰ ਯੋਗੇਸ਼ ਮਲਿਕ, ਸਮੂਹ ਸਟਾਫ ਅਤੇ ਬੱਚਿਆਂ ਦੇ ਸਹਿਯੋਗ ਨਾਲ ਲਗਾਇਆ ਗਿਆ, ਜਿਸ ਵਿਚ ਵੋਟ ਦੀ ਮਹੱਤਤਾ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ ਗਿਆ। ਇਸ ਸੈਮੀਨਾਰ ਵਿਚ ਮੁੱਖ ਮਹਿਮਾਨ ਵਜੋਂ ਪੀ.ਸੀ ਕੁਮਾਰ ਮੁੱਖ ਸਮਾਜ ਸੇਵਕ, ਸੇਵਾ ਮੁਕਤ ਮਾਸ ਮੀਡੀਆ, ਸਿਹਤ ਵਿਭਾਗ, ਸੀਨੀਅਰ ਸਿਟੀਜਨ ਅਤੇ ਰਜਨੀਸ਼ ਕਪੂਰ ਰਿਟਾਇਰਡ ਮੈਨੇਜਰ ਪੰਜਾਬ ਨੈਸ਼ਨਲ ਬੈਂਕ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਵੋਟ ਅਤੇ ਨੈਤਿਕ ਕਦਰਾਂ ਕੀਮਤਾਂ ਬਾਰੇ ਜਾਗਰੂਕ ਕੀਤਾ।

## ਚੌਥੀ ਵਾਰ ਵੱਡੇ ਫਰਕ ਨਾਲ ਜਿੱਤ ਪ੍ਰਾਪਤ ਕਰੇਗੀ ਬੀਬਾ ਬਾਦਲ- ਡਾ. ਘਈ



ਤਲਵੰਡੀ ਸਾਬੋ, 21 ਮਈ (ਗੁਰਜੰਟ ਸਿੰਘ ਨਥੇਹਾ)- ਹਲਕਾ ਤਲਵੰਡੀ ਸਾਬੋ ਦੀ ਸੀਨੀਅਰ ਲੀਡਰਸ਼ਿਪ ਵੱਲੋਂ ਬਠਿੰਡਾ ਸੀਟ ਤੋਂ ਸ਼੍ਰੋਮਣੀ ਅਕਾਲੀ ਦਲ ਉਮੀਦਵਾਰ ਬੀਬਾ ਹਰਸਿਮਰਤ ਕੌਰ ਬਾਦਲ ਲਗਾਤਾਰ ਚੌਥੀ ਵਾਰ ਐਮ ਪੀ ਬਣਕੇ ਵੱਡੀ ਗਿਣਤੀ ਵਿੱਚ ਵੋਟਾਂ ਲੈ ਕੇ ਜਿੱਤ ਦਰਜ ਕਰੇਗੀ। ਉਕਤ ਵਿਚਾਰਾਂ ਦਾ ਪ੍ਰਗਟਾਵਾ ਸੀਨੀਅਰ ਅਕਾਲੀ ਆਗੂ ਗੁਰਮੇਲ ਸਿੰਘ ਘਈ ਵਲੋਂ ਪਤਰਕਾਰ ਮਿਲਣੀ ਦੌਰਾਨ ਕੀਤਾ। ਉਹਨਾਂ ਕਿਹਾ ਕਿ ਬੀਬਾ ਹਰਸਿਮਰਤ ਕੌਰ ਬਾਦਲ ਦੇ ਹੱਕ ਵਿੱਚ ਸਮੁੱਚੀ ਅਕਾਲੀ ਲੀਡਰਸ਼ਿਪ ਸਮੁੱਚੇ ਖੇਤਰ ਵਿਚ ਵੋਟਰਾਂ ਨੂੰ ਜਾਗਰੂਕ ਕਰਕੇ ਇੱਕ ਲੋਕ ਲਹਿਰ ਬਣਾ ਕੇ ਜਿਤਾਵੇਗੀ। ਉਹਨਾਂ ਕਿਹਾ ਕਿ ਬੀਬਾ ਹਰਸਿਮਰਤ ਕੌਰ ਬਾਦਲ ਨੂੰ ਹਰ ਪਾਸਿਓਂ ਪੂਰਾ ਉਤਸ਼ਾਹ ਅਤੇ ਸਹਿਯੋਗ ਮਿਲ ਰਿਹਾ ਹੈ ਜਿਸ ਕਾਰਨ ਬੀਬਾ ਹਰਸਿਮਰਤ ਕੌਰ ਬਾਦਲ ਵੱਡੇ ਫ਼ਰਕ ਨਾਲ ਜਿੱਤ ਪ੍ਰਾਪਤ ਕਰੇਗੀ। ਪੱਤਰਕਾਰ ਮਿਲਣੀ ਦੌਰਾਨ ਨਗਰ ਕੌਂਸਲ ਤਲਵੰਡੀ ਸਾਬੋ ਦੀ ਕਾਰਜਕਾਰੀ ਪ੍ਰਧਾਨ ਬੀਬੀ ਸੁਖਜਿੰਦਰ ਕੌਰ, ਹਲਕਾ ਪ੍ਰਧਾਨ ਹਰਮੋਹਿੰਦਰ ਸਿੰਘ, ਯੂਥ ਆਗੂ ਐਡਵੋਕੇਟ ਸਤਿੰਦਰ ਸਿੰਘ ਪ੍ਰਧਾਨ ਬਾਰ ਐਸੋਸੀਏਸ਼ਨ, ਠਾਣਾ ਸਿੰਘ ਚੱਠਾ, ਜਲੌਰਾ ਸਿੰਘ ਪੀ.ਏ, ਰਣਜੀਤ ਸਿੰਘ ਮਲਕਾਣਾ, ਤੇਜਾ ਸਿੰਘ ਮਲਕਾਣਾ, ਪਾਲੀ ਗਿੱਲ, ਭੁਪਿੰਦਰ ਸਿੰਘ ਜੱਸਲ, ਬਲਵੀਰ ਖਾਨ, ਮਿੱਠੂ ਸਿੰਘ ਐਮ ਸੀ, ਗੁਰਚਰਨ ਸਿੰਘ, ਬਲਵਿੰਦਰ ਸਿੰਘ ਗਿੱਲ, ਸੁਰਜੀਤ ਸਿੰਘ ਭੰਮ, ਘੁੱਦਾ ਸਿੰਘ ਗਿੱਲ, ਗੁਰਪ੍ਰੀਤ ਸਿੰਘ ਅਮਨਾ, ਗੁਰਮੀਤ ਸਿੰਘ ਰਿਟਾ. ਡੀ.ਐਸ.ਪੀ ਸ੍ਰ. ਚੇਤਾ ਸਿੰਘ, ਗੁਰਵਿੰਦਰ ਸਿੰਘ ਪੀ.ਏ, ਅਰਸ਼ਦੀਪ ਸਿੰਘ, ਬਲਰਾਜ ਸਿੰਘ ਪੀ.ਏ, ਪਾਲੀ ਸਰਾਂ, ਕੁਲਵੰਤ ਸਰਾਂ, ਗੁਰਪਿਆਰ ਸਿੰਘ ਨਥੇਹਾ, ਕੌਰ ਸਿਘ, ਨਿੱਪੀ ਮਲਕਾਣਾ, ਕਲਕੱਤਾ ਸਿੰਘ ਯੂਥ ਆਗੂ ਆਦਿ ਵੱਡੀ ਗਿਣਤੀ ਵਿਚ ਆਗੂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## 2 ਜੂਨ ਨੂੰ ਸੰਤ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ ਮੌਕੇ

# ਪਿੰਡ ਰੋਡੇ ਪਹੁੰਚਣ ਲਈ ਵਿਦੇਸ਼ਾਂ ਵਿੱਚ ਵੀ ਪ੍ਰਚਾਰ ਤੇਜ਼

### ਪ੍ਰਧਾਨ ਭਾਈ ਵਰਿੰਦਰ ਸਿੰਘ ਜੀ ਜੌਹਲ ਮੁੱਖ ਬੁਲਾਰੇ ਅਸਟਰੀਆ ਇੰਟਰਨੈਸ਼ਨਲ ਪੰਥਕ ਦਲ








(**ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ**) ਖਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਵਿਸਾਖੀ ਦੇ ਦਿਹਾੜੇ ਨੂੰ ਸਮਰਪਿਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਮਹਾਨ ਨਗਰ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਿਵਾਸ ਅਸਟਰੀਆ ਯੂਰਪ ਦੀ ਧਰਤੀ ਲਿੰਨਸ ਵਿਖੇ ਕੱਢਿਆ ਗਿਆ ਸੀ।ਜਿਸ ਵਿੱਚ ਇੰਟਰਨੈਸ਼ਨਲ ਪੰਥਕ ਦਲ ਦੇ ਸਮੂਹ ਆਗੂਆਂ ਵੱਲੋਂ ਹਾਜ਼ਰੀ ਭਰੀ ਗਈ ਸੀ। ਇੰਟਰਨੈਸ਼ਨਲ ਪੰਥਕ ਦਲ ਅਸਟਰੀਆ ਯੂਰਪ ਦੇ ਮੁੱਖ ਬੁਲਾਰੇ ਪ੍ਰਧਾਨ ਭਾਈ ਵਰਿੰਦਰ ਸਿੰਘ ਜੀ ਜੌਹਲ ਹੁਰਾਂ ਨੇ ਨਗਰ ਕੀਰਤਨ ਦੌਰਾਨ ਨੌਜਵਾਨ ਸਿੰਘਾਂ ਨੂੰ ਨਾਲ ਲੈ ਕੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਸਮੂਹ ਬਾਬਾ ਪਰਿਵਾਰ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ 20ਵੀ ਸਦੀ ਦੇ ਮਹਾਨ ਸਿੱਖ ਯੋਧੇ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ ਜਨਮ ਦਿਹਾੜਾ 2 ਜੂਨ ਨੂੰ ਗੁਰਦੁਆਰਾ ਸੰਤ ਖਾਲਸਾ ਪਿੰਡ ਰੋਡੇ ਜ਼ਿਲ੍ਹਾ ਮੋਗਾ ਵਿਖੇ ਬਹੁਤ ਉੱਚ ਪੱਧਰ ਤੇ ਮਨਾਇਆ ਜਾ ਰਿਹਾ ਹੈ।ਦੇਸ਼ਾਂ ਵਿਦੇਸ਼ਾਂ ਵਿੱਚੋਂ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰੀਆਂ ਭਰਨਗੀਆਂ। ਭਾਈ ਵਰਿੰਦਰ ਸਿੰਘ ਜੀ ਜੌਹਲ ਅਤੇ ਨੌਜਵਾਨ ਸਿੰਘਾਂ ਨੇ ਸੰਸਾਰ ਭਰ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਸਭ ਸੰਗਤਾਂ ਆਪਣੇ ਬੱਚਿਆਂ ਤੇ ਪਰਿਵਾਰਾਂ ਸਮੇਤ 2 ਜੂਨ ਨੂੰ ਪਿੰਡ ਰੋਡੇ ਪਹੁੰਚਣ। ਅਸਟਰੀਆ ਯੂਰਪ ਦੀ ਧਰਤੀ ਤੇ ਸੰਗਤਾਂ ਨੂੰ 2 ਜੂਨ ਨੂੰ ਪਿੰਡ ਰੋਡੇ ਪਹੁੰਚਣ ਲਈ ਪਰਜੋਰ ਅਪੀਲ ਕੀਤੀ।ਇਸ ਮੌਕੇ ਇੰਟਰਨੈਸ਼ਨਲ ਪੰਥਕ ਦਲ ਅਸਟਰੀਆ ਯੂਰਪ ਦੇ ਪ੍ਰਧਾਨ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ, ਪ੍ਰਧਾਨ ਭਾਈ ਵਰਿੰਦਰ ਸਿੰਘ ਜੀ ਜੌਹਲ ਮੁੱਖ ਬੁਲਾਰੇ ਅਸਟਰੀਆ, ਸ੍ਰ ਗੁਰਪ੍ਰੀਤ ਸਿੰਘ ਪ੍ਰਧਾਨ ਇਂਸਬਰੁੱਕ, ਸ੍ਰ ਜਨਮੀਤ ਸਿੰਘ ਅਟਵਾਲ ਕਮੇਟੀ ਮੈਂਬਰ ਗਰਾਸ, ਸ੍ਰ ਹਰਵੰਤ ਸਿੰਘ ਔਲਖ, ਸ੍ਰ ਗੁਰਪ੍ਰੀਤ ਸਿੰਘ ਔਲਖ, ਸ੍ਰ ਸ਼ਮਸ਼ੇਰ ਸਿੰਘ ਔਲਖ, ਸ੍ਰ ਸਾਬ ਸਿੰਘ ਔਲਖ, ਸ੍ਰ ਏਕਮਜੋਤ ਸਿੰਘ ਭੰਗੂ, ਸ੍ਰ ਰਾਜਨਦੀਪ ਸਿੰਘ ਜੌਹਲ, ਸ੍ਰ ਦਿਲਾਵਾਰ ਸਿੰਘ ਜੌਹਲ, ਸ੍ਰ ਹਿੰਮਤ ਸਿੰਘ ਜੌਹਲ, ਸ੍ਰ ਜਗਦੀਪ ਸਿੰਘ ਜੌਹਲ, ਸ੍ਰ ਗੁਰਜੰਟ ਸਿੰਘ, ਸ੍ਰ ਲਵਪ੍ਰੀਤ ਸਿੰਘ ਖਹਿਰਾ, ਸ੍ਰ ਲਵਪ੍ਰੀਤ ਸਿੰਘ, ਸ੍ਰ ਪਰਮਜੀਤ ਸਿੰਘ ਅਟਵਾਲ ਸ੍ਰ ਹਰਪਾਲ ਸਿੰਘ ਵਿਆਨਾ ਹਾਜ਼ਰ ਸਨ।



## 2 ਜੂਨ ਨੂੰ ਸੰਤ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ ਸਬੰਧੀ

# ਜ਼ਿਲ੍ਹਾ ਤਰਨਤਾਰਨ ਦੀਆਂ ਸੰਗਤਾਂ ਵਿੱਚ ਭਾਰੀ ਉਤਸ਼ਾਹ











ਤਰਨਤਾਰਨ (ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ) ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਅਤੀ ਸਤਿਕਾਰਯੋਗ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ 20ਵੀ ਸਦੀ ਦੇ ਮਹਾਨ ਸਿੱਖ ਜਰਨੈਲ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦਾ ਜਨਮ ਦਿਹਾੜਾ 2 ਜੂਨ ਐਤਵਾਰ ਨੂੰ ਸੰਤ ਭਿੰਡਰਾਂਵਾਲਿਆਂ ਦੇ ਜਨਮ ਅਸਥਾਨ ਗੁਰਦੁਆਰਾ ਸੰਤ ਖਾਲਸਾ ਪਿੰਡ ਰੋਡੇ ਜਿਲਾ ਮੋਗਾ ਵਿਖੇ ਬਹੁਤ ਉਚ ਪੱਧਰ ਤੇ ਮਨਾਇਆ ਜਾ ਰਿਹਾ ਹੈ। ਜ਼ਿਲ੍ਹਾ ਤਰਨਤਾਰਨ ਦੇ ਸਮੂਹ ਅਹੁਦੇਦਾਰ ਅਤੇ ਵਰਕਰ ਸਾਹਿਬਾਨਾਂ ਵੱਲੋਂ ਜੰਗੀ ਪੱਧਰ ਤੇ ਤਿਆਰੀਆਂ ਆਰੰਭ ਹੋ ਚੁੱਕੀਆਂ ਹਨ।ਜਥੇਬੰਦੀ ਦੇ ਜਿਲ੍ਹਾ ਤਰਨ ਤਰਨ ਦੇ ਜਰਨਲ ਸਕੱਤਰ ਭਾਈ ਭੁਪਿੰਦਰ ਸਿੰਘ ਜੀ ਤੂਤ, ਭਾਈ ਦਲਜੀਤ ਸਿੰਘ ਜੀ ਮੁੱਠਿਆਂਵਾਲਾ ਬਲਾਕ ਪ੍ਰਧਾਨ ਵਲਟੋਹਾ ਅਤੇ ਸ੍ਰ ਨਰਿੰਦਰ ਸਿੰਘ ਜੀ ਮੁੱਠਿਆਂਵਾਲਾ ਬਲਾਕ ਪ੍ਰਧਾਨ ਇਹਨਾਂ ਦੀ ਅਗਵਾਈ ਵਿੱਚ ਪਿੰਡ ਮੁੱਠਿਆਂਵਾਲਾ ਵਿਖੇ ਨਗਰ ਰਸੂਲਪੁਰ,ਮੁੱਠਿਆਂਵਾਲਾ ਅਤੇ ਤੂਤ ਦੀਆਂ ਸੰਗਤਾਂ ਨਾਲ ਮੀਟਿੰਗ ਹੋਈ। ਜਿਸ ਵਿਚ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਚੀਫ ਐਡਵਾਈਜ਼ਰ ਪੰਜਾਬ ਅਤੇ ਜਥੇਦਾਰ ਵਜ਼ੀਰ ਸਿੰਘ ਜੀ ਵਾਂ ਸੀਨੀਅਰ ਮੀਤ ਪ੍ਰਧਾਨ ਤਰਨ ਤਾਰਨ ਵਿਸ਼ੇਸ਼ ਤੌਰ ਤੇ ਪਹੁੰਚੇ। ਮੀਟਿੰਗ ਵਿੱਚ ਪਹੁੰਚੇ ਸਾਰੇ ਆਗੂਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ ।ਨਗਰ ਮੁੱਠਿਆਂਵਾਲਾ ਅਤੇ ਕੋਟਲੀ ਦੀਆਂ ਸੰਗਤਾਂ ਨੇ ਵਿਸ਼ਵਾਸ ਦਵਾਇਆ ਕਿ ਵੱਧ ਤੋਂ ਵੱਧ ਸੰਗਤਾਂ 2 ਜੂਨ ਨੂੰ ਪਿੰਡ ਰੋਡੇ ਪਹੁੰਚਣਗੀਆਂ।ਇਸ ਮੌਕੇ ਸ੍ਰ ਸਤਬੀਰ ਸਿੰਘ ਕੋਟਲੀ, ਜਥੇਦਾਰ ਹਰਦਿਆਲ ਸਿੰਘ ਪ੍ਰਧਾਨ ਕੋਟਲੀ, ਭਾਈ ਮਾਨ ਸਿੰਘ ,ਭਾਈ ਗੁਰਦੇਵ ਸਿੰਘ, ਭਾਈ ਚਮਕੌਰ ਸਿੰਘ, ਭਾਈ ਕੁਲਵਿੰਦਰ ਸਿੰਘ, ਭਾਈ ਪ੍ਰਗਟ ਸਿੰਘ , ਭਾਈ ਰਸ਼ਪਾਲ ਸਿੰਘ ਰਸੂਲਪੁਰ, ਬਾਬਾ ਕੁਲਵੰਤ ਸਿੰਘ, ਭਾਈ ਬਲਜੀਤ ਸਿੰਘ, ਬਾਬਾ ਸੰਤੋਖ ਸਿੰਘ, ਭਾਈ ਲਖਬੀਰ ਸਿੰਘ ਅਤੇ ਹੋਰ ਸਮੂਹ ਪਤਵੰਤੇ ਹਾਜਰ ਸਨ

ਕਾਂਗਰਸ ਦੀ ਪਿੱਠ ਵਿੱਚ ਛੁਰਾ ਮਾਰ ਕੇ ਗਏ ਬਿੱਟੂ ਨੇ ਭਾਜਪਾ ਦੀ ਪਿੱਠ ਵਿੱਚ ਵੀ ਛੁਰਾ ਮਾਰਨ ਵਾਲੀ ਕੀਤੀ ਗੱਲ - (ਢਿੱਲੋਂ/ਕਲੇਰ/ਗਰੇਵਾਲ)

# ਐੱਸ ਆਰ ਕਲੇਰ ਦੀ ਅਗਵਾਈ ਹੇਠ ਜਗਰਾਉਂ ਦੇ ਵੱਖ-ਵੱਖ ਪਿੰਡਾਂ ਦਾ ਕੀਤਾ ਦੌਰਾ



ਜਗਰਾਉਂ/ਲੁਧਿਆਣਾ (ਵਰਿਆਮ ਹਠੂਰ)- ਸ਼ੋ੍ਮਣੀ ਅਕਾਲੀ ਦਲ ਦੇ ਉਮੀਦਵਾਰ ਰਣਜੀਤ ਸਿੰਘ ਢਿੱਲੋ ਵੱਲੋਂ ਵਿਧਾਨ ਸਭਾ ਹਲਕਾ ਜਗਰਾਉਂ ਵਿਖੇ ਸਾਬਕਾ ਵਿਧਾਇਕ ਅਤੇ ਹਲਕਾ ਇੰਚਾਰਜ ਐਸ ਆਰ ਕਲੇਰ ਅਤੇ ਸੀਨੀਅਰ ਆਗੂ ਭਾਈ ਗੁਰਚਰਨ ਸਿੰਘ ਗਰੇਵਾਲ ਦੀ ਅਗਵਾਈ ਹੇਠ ਵੱਖ ਵੱਖ ਪਿੰਡਾਂ ਜਿੰਨ੍ਹਾਂ ਵਿੱਚ ਗੁਰੂਸਰ, ਪਿੰਡ ਅਖਾੜਾ, ਚੀਮਾ, ਰਣਧੀਰਗੜ੍ਹ, ਕਮਾਲਪੁਰਾ, ਬੱਸੂਵਾਲ, ਲੰਮੇ, ਭੰਮੀਪੁਰਾ, ਦੇਹੜਕਾ, ਮਾਣੂੰਕੇ, ਚਕਰ, ਲੱਖਾ, ਹਠੂਰ, ਬੁਰਜ ਕੁਲਾਰਾ, ਆਦਿ ਪਿੰਡਾਂ ਵਿੱਚ ਚੋਣ ਪ੍ਰਚਾਰ ਕੀਤਾ ਗਿਆ, ਤੇ ਲੀਡਰਸ਼ਿਪ ਨੇ ਉਮੀਦਵਾਰ ਰਣਜੀਤ ਸਿੰਘ ਢਿੱਲੋਂ ਨੂੰ ਵੱਡੀ ਲੀਡ ਨਾਲ ਜਿਤਾਉਣ ਲਈ ਵੋਟਰਾਂ ਅਤੇ ਸਪੋਟਰਾਂ ਨੂੰ ਅਪੀਲ ਕੀਤੀ, ਇਸ ਮੌਕੇ ਸੀਨੀਅਰ ਆਗੂ ਭਾਈ ਗੁਰਚਰਨ ਸਿੰਘ ਗਰੇਵਾਲ, ਹਲਕਾ ਇੰਚਾਰਜ ਐਸ ਆਰ ਕਲੇਰ, ਸਰਕਲ ਜਥੇਦਾਰ ਪਰਮਿੰਦਰ ਸਿੰਘ ਚੀਮਾ, ਸਾਬਕਾ ਚੇਅਰਮੈਨ ਚੰਦ ਸਿੰਘ ਡੱਲਾ, ਨੇ ਕਿਹਾ ਕਿ ਸ਼ੋ੍ਮਣੀ ਅਕਾਲੀ ਦਲ ਦੀ ਸਰਕਾਰ ਮੌਕੇ ਪੰਜਾਬ ਵਿੱਚ ਵੱਡੀ ਪੱਧਰ ਤੇ ਹੋਏ ਵਿਕਾਸ ਕਾਰਜਾਂ ਨੂੰ ਲੋਕ ਅੱਜ ਵੀ ਯਾਦ ਕਰ ਰਹੇ ਹਨ। ਤੇ ਮੁੜ ਤੋਂ ਪੰਜਾਬ ਵਿੱਚ ਸ਼ੋ੍ਮਣੀ ਅਕਾਲੀ ਦਲ ਦੀ ਸਰਕਾਰ ਵੇਖਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਬਦਲਾਅ ਵਾਲੀ ਸਰਕਾਰ ਤੋਂ ਵੀ ਲੋਕ ਅੱਕ ਚੁੱਕੇ ਹਨ ਕਿਉਂਕਿ ਆਮ ਆਦਮੀ ਪਾਰਟੀ ਨੇ ਜਨਤਾ ਨਾਲ ਝੂਠੇ ਵਾਅਦੇ ਕਰਕੇ ਸੱਤਾ ਹਾਸਲ ਕੀਤੀ ਤੇ ਕੀਤੇ ਹੋਏ ਵਾਅਦੇ ਪੂਰੇ ਨਹੀਂ ਕਰ ਸਕੀ, ਇਸ ਲਈ ਸੂਝਵਾਨ ਲੋਕ ਇਸ ਵਾਰ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦਾ ਡੋਲੂ ਮਾਂਝ ਕੇ ਰੱਖ ਦੇਣਗੇ, ਗੱਲਬਾਤ ਕਰਦਿਆਂ ਸ਼ੋ੍ਮਣੀ ਅਕਾਲੀ ਦਲ ਤੋਂ ਉਮੀਦਵਾਰ ਰਣਜੀਤ ਸਿੰਘ ਢਿੱਲੋਂ, ਐੱਸ ਆਰ ਕਲੇਰ, ਅਤੇ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਖ਼ਾਸ ਗੱਲਬਾਤ ਕਰਦਿਆਂ ਕਿਹਾ ਕਿ ਬੀ ਜੇ ਪੀ ਦੇ ਲੁਧਿਆਣਾ ਤੋਂ ਉਮੀਦਵਾਰ ਰਵਨੀਤ ਸਿੰਘ ਬਿੱਟੂ ਕਾਂਗਰਸ ਦੀ ਪਿੱਠ ਦੇ ਵਿੱਚ ਛੁਰਾ ਮਾਰ ਕੇ ਭਾਜਪਾ ਦੇ ਵਿੱਚ ਗਏ ਹਨ ਤੇ ਉੱਥੇ ਜਾ ਕੇ ਵੀ ਉਹਨਾਂ ਨੇ ਭਾਜਪਾ ਲੀਡਰਸ਼ਿਪ ਦੀ ਪਿੱਠ ਵਿੱਚ ਛੁਰਾ ਮਾਰਨ ਵਾਲੀ ਗੱਲ ਕੀਤੀ ਹੈ। ਉਨਾਂ ਕਾਂਗਰਸ ਤੇ ਨਿਸ਼ਾਨੇ ਸਾਧਦਿਆਂ ਕਿਹਾ ਕਿ ਕਾਂਗਰਸ ਦਾ ਤਾਂ ਵਜੂਦ ਹੀ ਖਤਮ ਹੋਣ ਦੀ ਕਗਾਰ ਤੇ ਹੈ ਕਿਉਂਕਿ ਆਏ ਦਿਨ ਇਹਨਾਂ ਦਾ ਆਪਸੀ ਕਾਟੋ ਕਲੇਸ਼ ਜਿੱਥੇ ਕਾਂਗਰਸ ਨੂੰ ਲੈ ਡੁੱਬੇਗਾ ਉੱਥੇ ਪੰਜਾਬ ਦੇ ਲੋਕਾਂ ਤੇ ਵੀ ਭਾਰੀ ਪੈ ਰਿਹਾ ਹੈ। ਇਸ ਲਈ ਸੂਝਵਾਨ ਵੋਟਰ ਇੰਨ੍ਹਾਂ ਦੀਆਂ ਲੂੰਬੜਚਾਲਾਂ ਤੋਂ ਚੰਗੀ ਤਰ੍ਹਾਂ ਜਾਣੂੰ ਹੋ ਚੁੱਕੇ ਹਨ। ਤੇ ਖ਼ੇਤਰੀ ਪਾਰਟੀ ਸ਼ੋ੍ਮਣੀ ਅਕਾਲੀ ਦਲ ਦੇ ਮੋਢੇ ਨਾਲ ਮੋਢਾ ਲਾ ਕੇ ਚੱਲਣਗੇ, ਉਨ੍ਹਾਂ ਅੱਗੇ ਕਿਹਾ ਕਿ ਗੱਲ ਚਾਹੇ ਪਾਣੀਆਂ ਦੀ ਹੋਵੇ, ਚਾਹੇ ਕਿਸਾਨਾਂ ਦੀ ਹੋਵੇ ਜਾਂ ਫਿਰ ਪੰਜਾਬ ਦੇ ਹਿੱਤਾਂ ਦੀ ਗੱਲ ਹੋਵੇ, ਸ਼ੋ੍ਮਣੀ ਅਕਾਲੀ ਦਲ ਹਮੇਸ਼ਾ ਹੀ ਸੂਬਾ ਵਾਸੀਆਂ ਦੇ ਨਾਲ ਖੜਾ ਹੈ। ਪ੍ਰੰਤੂ ਇਹਨਾਂ ਬਾਹਰਲਿਆਂ ਨੇ ਹਮੇਸ਼ਾ ਹੀ ਦੋਗਲੀ ਨੀਤੀ ਅਖਤਿਆਰ ਕੀਤੀ ਹੈ ਤੇ ਇਹਨਾਂ ਵੋਟਾਂ ਦੌਰਾਨ ਦੋਗਲੀ ਨੀਤੀ ਵਾਲਿਆਂ ਨੂੰ ਜਵਾਬ ਦੇਣਾ ਬਹੁਤ ਜਰੂਰੀ ਹੈ। ਤੇ ਸਮੇਂ ਦੀ ਮੁੱਖ ਲੋੜ ਵੀ ਹੈ। ਇਸ ਮੌਕੇ ਜਿਲਾ ਪ੍ਰਧਾਨ ਭਾਈ ਗੁਰਚਰਨ ਸਿੰਘ ਗਰੇਵਾਲ, ਸਾਬਕਾ ਚੇਅਰਮੈਨ ਸ.ਦੀਦਾਰ ਸਿੰਘ ਮਲਕ, ਸਰਕਲ ਪ੍ਰਧਾਨ ਪਰਮਿੰਦਰ ਸਿੰਘ ਚੀਮਾ, ਸਾਬਕਾ ਚੇਅਰਮੈਨ ਚੰਦ ਸਿੰਘ ਡੱਲਾ, ਸਰਕਲ ਪ੍ਰਧਾਨ ਸਿਵਰਾਜ ਸਿੰਘ ਸਰਪੰਚ, ਪ੍ਰਧਾਨ ਅਮਰਜੀਤ ਸਿੰਘ ਰਸੂਲਪੁਰ, ਸਰਕਲ ਪ੍ਰਧਾਨ ਸਰਪ੍ਰੀਤ ਸਿੰਘ ਕਾਉਂਕੇ, ਪ੍ਰਧਾਨ ਜੱਗਾ ਕਾਉਂਕੇ, ਯੂਥ ਆਗੂ ਦੀਸ਼ਾ ਮਾਣੂੰਕੇ, ਹਰਦੀਪ ਸਿੰਘ ਮਾਣੂੰਕੇ, ਯੂਥ ਆਗੂ ਜਗਰਾਜ ਸਿੰਘ ਰਾਜਾ ਮਾਣੂੰਕੇ, ਸਾਬਕਾ ਸਰਪੰਚ ਬੂਟਾ ਸਿੰਘ ਬੁਰਜ ਕੁਲਾਰਾ, ਪ੍ਰਧਾਨ ਸੁਖਵਿੰਦਰ ਸਿੰਘ ਬੁਰਜ ਕੁਲਾਰਾ, ਸਾਬਕਾ ਸਰਪੰਚ ਸੁਖਵਿੰਦਰ ਸਿੰਘ ਰਾਜੂ ਬੁਰਜ ਕੁਲਾਰਾ, ਯੂਥ ਆਗੂ ਸੰਦੀਪ ਮੱਲਾ, ਪ੍ਰਧਾਨ ਪਰਮਿੰਦਰ ਸਿੰਘ ਕੰਬੋ ਹਠੂਰ, ਬਾਦਲ ਹਠੂਰ, ਜੀਤਾ ਮੈਂਬਰ ਹਠੂਰ, ਜਗਤਾਰ ਸਿੰਘ ਤਾਰੀ ਗਰੇਵਾਲ ਹਠੂਰ, ਗੁਰਪਾਲ ਸਿੰਘ ਪਾਲੀ ਹਠੂਰ, ਸਮੇਤ ਵੱਡੀ ਗਿਣਤੀ ਵਿੱਚ ਵਰਕਰ, ਵੋਟਰ ਅਤੇ ਸਪੋਟਰ ਹਾਜ਼ਰ ਸਨ।

ਕੇਜਰੀਵਾਲ ਪੰਜਾਬੀਆਂ ਦੀ ਗੋਦੀ ਵਿਚ ਬੈਠ ਕੇ ਹੀ ਪੰਜਾਬੀਆਂ ਦੀ ਦਾੜ੍ਹੀ ਮੁੰਨ ਰਿਹਾ ਹੈ ਤੇ ਪੰਜਾਬੀਆਂ ਨੂੰ ਪਤਾ ਵੀ ਨਹੀਂ ਲੱਗ ਰਿਹਾ

# ਪ੍ਰੋ. ਭੁੱਲਰ ਜਾਂ ਕੇਜਰੀਵਾਲ, ਚੋਣ ਤੁਹਾਡੀ-: ਸ: ਗੁਰਜੰਟ ਸਿੰਘ ਖਾਲਸਾ



ਜਿਸ ਬੰਦੇ ਦੀਆਂ 50 ਦਿਨ ਜੇਲ ਵਿਚ ਰਹਿ ਕੇ ਚੀਕਾਂ ਨਿਕਲ ਗਈਆਂ, ਹੁਣ ਉਸ ਬੰਦੇ ਨੂੰ ਪ੍ਰੋ. ਦੇਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਵਾਲੀ ਫ਼ਾਈਲ ਸਿਰਮੱਥੇ ਚੁੰਮ ਕੇ ਪ੍ਰਵਾਨ ਕਰ ਲੈਣੀ ਚਾਹੀਦੀ ਹੈ, ਅਪਣੇ-ਆਪ ਨੂੰ ਕੱਟੜ ਇਮਾਨਦਾਰ ਅਤੇ ਦੁੱਧ ਧੋਤਾ ਦੱਸਣ ਵਾਲੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀਆਂ 50 ਦਿਨ ਜੇਲ ਵਿਚ ਰਹਿ ਕੇ ਹੀ ਚੀਕਾਂ ਨਿਕਲ ਗਈਆਂ ਅਤੇ ਹੁਣ ਪੰਜਾਬ ਪਹੁੰਚ ਕੇ ਅਪਣੇ-ਆਪ ਨੂੰ ਜੇਲ ਦੀਆਂ ਸਿਲਾਖ਼ਾਂ ਤੋਂ ਬਚਾਉਣ ਲਈ ਵੋਟ ਮੰਗਣ ਲੱਗ ਪਿਆ। ਕੇਜਰੀਵਾਲ ਨੇ ਪੰਜਾਬੀਆਂ ਨੂੰ ਅੰਮ੍ਰਿਤਸਰ ਵਿਚ ਸੰਬੋਧਨ ਕਰਦਿਆਂ ਕਿਹਾ ਕਿ ਜਦ ਤੁਸੀਂ ਵੋਟ ਪਾਉਣ ਜਾਉਗੇ ਤਾਂ ਯਾਦ ਰੱਖਣਾ ਕਿ ਤੁਹਾਡੀ ਵੋਟ ਨਾਲ ਕੋਈ (ਕੇਜਰੀਵਾਲ) ਜੇਲ ਜਾਣ ਤੋਂ ਬਚ ਜਾਵੇਗਾ। ਭਾਵ ਖ਼ੁਦ ਨੂੰ ਜੇਲ ਤੋਂ ਬਚਾਉਣ ਲਈ ਵੋਟਾਂ ਮੰਗ ਲਈਆਂ। ਪੰਜਾਬੀਆਂ ਅੱਗੇ ਦੁਵਿਧਾ ਬਣੀ ਪਈ ਹੈ। ਉਹ ਕੇਜਰੀਵਾਲ ਨੂੰ ਜੇਲ ਵਿਚੋਂ ਪੱਕੇ ਤੌਰ ਤੇ ਛੁਡਾਉਣ ਲਈ ਝਾੜੂ ਨੂੰ ਵੋਟ ਪਾਉਣ ਜਾਂ ਫਿਰ ਅਪਣੇ ਦਹਾਕਿਆਂ ਤੋਂ ਕਾਲ-ਕੋਠੜੀਆਂ ਵਿਚ ਬੰਦ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਕਰਾਉਣ ਲਈ ਸ਼ੋ੍ਮਣੀ ਅਕਾਲੀ ਦਲ, ਜਾਂ ਆਜ਼ਾਦ ਉਮੀਦਵਾਰ ਭਾਈ ਅੰਮ੍ਰਿਤਪਾਲ ਸਿੰਘ ਨੂੰ ਜਿਤਾਉਣ। ਪੰਜਾਬੀਆਂ ਕੋਲੋਂ ਅਪਣੇ ਬੰਦੀ ਮਨੁੱਖਾਂ ਦੀ ਰਿਹਾਈ ਨਹੀਂ ਕਰਵਾਈ ਗਈ, ਵਿਚ-ਵਿਚਾਲੇ ਨਵਾਂ ਸ਼ੋਸ਼ਾ ਅਰਵਿੰਦ ਕੇਜਰੀਵਾਲ ਨੇ ਛੱਡ ਦਿਤਾ। ਕੇਜਰੀਵਾਲ ਨੂੰ ਜੇਲ ਵਿਚੋਂ 15 ਦਿਨ ਦੀ ਜ਼ਮਾਨਤ ਉਤੇ ਬਾਹਰ ਆਉਂਦਿਆਂ ਹੀ ਸਭ ਤੋਂ ਪਹਿਲਾਂ ਕਾਲ ਕੋਠੜੀ ਵਿਚ ਬੰਦ ਪ੍ਰੋ. ਦੇਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਵਾਲੀ ਫ਼ਾਈਲ ਜਿਹੜੀ, ਉਸ ਦੀ ਵਜ੍ਹਾ ਕਰਕੇ 6 ਬਾਰ ਰੱਦ ਕੀਤੀ ਜਾ ਚੁੱਕੀ ਹੈ, ਨੂੰ ਸਿਰਮੱਥੇ ਚੁੰਮ ਕੇ ਪ੍ਰਵਾਨ ਕਰਨਾ ਚਾਹੀਦਾ ਸੀ। ਕੇਜਰੀਵਾਲ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਜੇ ਉਸ ਨੂੰ ਜਾਪਦਾ ਹੈ ਕਿ ਬੀਜੇਪੀ ਨੇ ਜਾਣਬੁਝ ਕੇ ਉਸ ਨੂੰ ਝੂਠੇ ਕੇਸ ਵਿਚ ਫਸਾ ਕੇ ਜੇਲ ਭੇਜਿਆ ਹੈ ਤਾਂ ਸਮੁੱਚੀ ਸਿੱਖ ਕੌਮ ਹੀ ਨਹੀਂ ਬਲਕਿ ਹਰ ਪੰਜਾਬੀ ਨੂੰ ਇਹ ਜਾਪਦਾ ਹੈ ਕਿ ਭਾਈ ਦਵਿੰਦਰਪਾਲ ਸਿੰਘ ਭੁੱਲਰ ਅਪਣੀ ਸਜ਼ਾ ਪੂਰੀ ਕਰ ਚੁੱਕਿਆ ਹੈ ਅਤੇ ਉਸ ਨੂੰ ਜੇਲ ਵਿਚ ਬੰਦ ਰੱਖਣਾ ਭਾਰਤੀ ਕਾਨੂੰਨ, ਸੰਵਿਧਾਨ ਅਤੇ ਨਿਆ ਪ੍ਰਣਾਲੀ ਦੀ ਹੱਤਿਆ ਹੈ। ਕੇਜਰੀਵਾਲ ਨੂੰ ਪ੍ਰੋ. ਭੁੱਲਰ ਦੀ ਫ਼ਾਈਲ ਚਿੱਤ ਚੇਤੇ ਵੀ ਨਹੀਂ ਹੋਣੀ, ਉਸ ਨੂੰ ਤਾਂ ਬੱਸ ਅਪਣਾ-ਆਪ, ਅਪਣਾ ਪਰਵਾਰ ਤੇ ਸੱਤਾ ਨਜ਼ਰ ਆਉਂਦੀ ਹੈ। ਪੰਜਾਬ ਅਸੰਬਲੀ ਦੇ ਮੈਂਬਰਾਂ ਦੀ ਬਦਕਿਸਮਤੀ ਹੈ ਕਿ ਉਹ ਅਪਣੇ ਕੇਜਰੀਵਾਲ ਨੂੰ ਇਹ ਸਵਾਲ ਵੀ ਨਹੀਂ ਕਰ ਸਕਦੇ ਕਿ ਪ੍ਰੋਫੈਸਰ ਭਾਈ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਵਾਲੀ ਫ਼ਾਈਲ ਉਤੇ ਸਹੀ ਕਿਉਂ ਨਹੀਂ ਪਾਈ ਜਾ ਰਹੀ ? ਦੂਜੇ ਪਾਸੇ ਪੰਜਾਬੀਆਂ ਦਾ ਖ਼ੂਨ ਵੀ ਏਨਾ ਚਿੱਟਾ ਹੋ ਚੁੱਕਾ ਹੈ ਕਿ ਉਹ ਕੇਜਰੀਵਾਲ ਤੋਂ ਸਵਾਲ ਪੁੱਛਣ ਦੀ ਬਜਾਏ, ਉਸ ਦੇ ਹੱਕ ਵਿਚ ਨਾਹਰੇ ਲਾਉਂਦੇ ਫਿਰਦੇ ਹਨ। ਆਖ਼ਿਰ ਕੌਣ ਸਮਝਾਏ ਇਨ੍ਹਾਂ ਮਿੱਟੀ ਦਿਆਂ ਬਾਬਿਆਂ ਨੂੰ ? ਕੇਜਰੀਵਾਲ ਪੰਜਾਬੀਆਂ ਦੀ ਗੋਦੀ ਵਿਚ ਬੈਠ ਕੇ ਹੀ ਪੰਜਾਬੀਆਂ ਦੀ ਦਾੜ੍ਹੀ ਮੁੰਨ ਰਿਹਾ ਹੈ ਤੇ ਪੰਜਾਬੀਆਂ ਨੂੰ ਪਤਾ ਵੀ ਨਹੀਂ ਲੱਗ ਰਿਹਾ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਭਾਈ ਬਰਾੜ ਨੂੰ ਵੋਟਾ ਪਾ ਕੇ ਵੱਡੀ ਲੀਡ ਨਾਲ ਜਿਤਾ ਕੇ ਲੋਕ ਸਭਾ ਵਿੱਚ ਭੇਜਾਂਗੇ



**(ਭਾਈ ਕੁਲਦੀਪ ਸਿੰਘ ਡੱਲਾ)**-ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਭਤੀਜੇ, ਅਕਾਲ ਤਖਤ ਸਾਹਿਬ ਦੇ ਸਾਬਕਾ ਜੱਥੇਦਾਰ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਬਾਨੀ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਜਿੰਨਾ ਵੱਲੋਂ ਲੋਕ ਸਭਾ ਚੋਣਾਂ ਨੂੰ ਲੈ ਕੇ ਪੰਥ ਦੀ ਸੋਚ ਨੂੰ ਲੈਕੇ ਹੱਕ ਤੇ ਸੱਚ ਦੀ ਆਵਾਜ਼ ਉਠਾਉਣ ਵਾਲੇ ਉਮੀਦਵਾਰਾਂ ਦਾ ਪੂਰਨ ਤੌਰ ਸਾਥ ਦੇਣ ਦਾ ਐਲਾਨ ਕੀਤਾ ਗਿਆ ਸੀ। ਖੰਡੂਰ ਸਾਹਿਬ ਤੋਂ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ, ਫਰੀਦਕੋਟ ਤੋਂ ਭਾਈ ਸਰਬਜੀਤ ਸਿੰਘ ਮਲੋਆ ਤੇ ਲੁਧਿਆਣਾ ਤੋਂ ਭਾਈ ਕਮਲਜੀਤ ਸਿੰਘ ਬਰਾੜ ਜੋ ਕਿ ਪੰਥਕ ਸੋਚ, ਹੱਕ ਤੇ ਸੱਚ ਦੀ ਆਵਾਜ਼ ਉਠਾਉਣ ਦੇ ਲਈ ਸਾਰੀਆਂ ਪਾਰਟੀਆਂ ਛੱਡ ਕੇ ਆਜਾਦ ਉਮੀਦਵਾਰ ਵਜੋਂ ਚੋਣ ਮੈਦਾਨ ਵਿੱਚ ਆਏ ਹਨ। ਉੱਥੇ ਹੀ ਅੱਜ ਇੰਟਰਨੈਸ਼ਨਲ ਪੰਥਕ ਦਲ ਦੇ ਆਲ ਇੰਡੀਆ ਕਨਵੀਨਰ ਜੱਥੇਦਾਰ ਦਲੀਪ ਸਿੰਘ ਚਕਰ,ਜਿਲ ?ਾ ਪ੍ਰਧਾਨ ਭਾਈ ਕੁਲਦੀਪ ਸਿੰਘ ਜੀ ਡੱਲਾ, ਸ਼ਹਿਰੀ ਪ੍ਰਧਾਨ ਭਾਈ ਸੁਰਿੰਦਰਪਾਲ ਸਿੰਘ ਹਵਾਸ ਅਤੇ ਸ਼ਹਿਰੀ ਮੀਤ ਪ੍ਰਧਾਨ ਗਿਆਨੀ ਰਣਜੀਤ ਸਿੰਘ ਮੱਦੋਕੇ, ਰਵਿੰਦਰ ਸਿੰਘ ਚਕਰ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਜਗਰਾਉਂ ਇਕਾਈ ਦੇ ਸਮੂਹ ਵਰਕਰ ਸਹਿਬਾਨਾਂ ਦੇ ਨਾਲ ਲੁਧਿਆਣਾ ਤੋਂ ਆਜਾਦ ਉਮੀਦਵਾਰ ਭਾਈ ਕਮਲਜੀਤ ਸਿੰਘ ਬਰਾੜ ਜਿਨਾਂ ਦਾ ਚੋਣ ਨਿਸ਼ਾਨ ਮਾਇਕ ਹੈ। ਉਨ੍ਹਾਂ ਦੇ ਨਾਲ ਪਿੰਡ ਪਿੰਡ ਜਾ ਕੇ ਚੋਣ ਪ੍ਰਚਾਰ ਦੇ ਵਿੱਚ ਸਾਥ ਦਿੱਤਾ ਤੇ ਪਿੰਡਾ ਦੇ ਸੂਝਵਾਨ ਵੋਟਰਾਂ ਨੂੰ ਜੋਰਦਾਰ ਅਪੀਲ ਕੀਤੀ ਕਿ ਆਉਣ ਵਾਲੀ 1ਜੂਨ ਨੂੰ ਭਾਈ ਕਮਲਜੀਤ ਸਿੰਘ ਬਰਾੜ ਦੇ ਹੱਕ ਵਿੱਚ ਭੁਗਤ ਕੇ ਉਨ੍ਹਾਂ ਨੂੰ ਵੱਡੀ ਲੀਡ ਨਾਲ ਜਿਤਾ ਕੇ ਲੋਕ ਸਭਾ ਵਿੱਚ ਭੇਜਿਆ ਜਾਵੇ ਤਾਂ ਕਿ ਲੋਕ ਸਭਾ ਵਿੱਚ ਜਾ ਕੇ ਆਪਣੀ ਹੋਂਦ ਦੀ , ਫਸਲਾਂ ਤੇ ਨਸਲਾਂ ਨੂੰ ਬਚਾਉਣ ਦੀ ਤੇ ਕੌਮ ਦੀ ਆਵਾਜ ਚੁੱਕ ਸਕਣ। ਗੱਲਬਾਤ ਦੌਰਾਨ ਭਾਈ ਡੱਲਾ ਜੀ ਤੇ ਭਾਈ ਹਵਾਸ ਜੀ ਨੇ ਇਹ ਵੀ ਦੱਸਿਆ ਕਿ ਪਿੰਡਾਂ ਦੇ ਲੋਕਾਂ ਤੋਂ ਬਹੁਤ ਜ਼ਿਆਦਾ ਪਿਆਰ ਤੇ ਸਹਿਯੋਗ ਮਿਲ ਰਿਹਾ ਹੈ। ਪਿੰਡ ਦੇ ਲੋਕ ਆਪ ਸਟੇਜਾਂ ਦਾ ਪ੍ਰਬੰਧ ਕਰਕੇ ਆਪ ਫੋਨ ਕਰਕੇ ਬੁਲਾ ਰਹੇ ਨੇ ਤੇ ਗੁਰੂ ਦੀ ਬਖਸ਼ਿਸ਼ ਸਿਰੋਪਾਓ ਪਾ ਕੇ ਤੇ ਫੁੱਲਾਂ ਦੀ ਵਰਖਾ ਕਰਕੇ ਅਥਾਹ ਪਿਆਰ ਦੇ ਰਹੇ ਹਨ, ਤੇ ਵੋਟਰਾਂ ਨੇ ਪੂਰਾ ਯਕੀਨ ਦਿਵਾਇਆ ਗਿਆ ਕਿ ਬਰਾੜ ਨੂੰ ਵੋਟਾ ਪਾ ਕੇ ਵੱਡੀ ਲੀਡ ਨਾਲ ਜਿਤਾ ਕੇ ਲੋਕ ਸਭਾ ਵਿੱਚ ਭੇਜਾਂਗੇ।

# ਵੱਧ ਰਹੀ ਤਪਸ਼, ਲੂ ਤੋਂ ਬਚੋਂ - ਸਿਵਲ ਸਰਜਨ

## ਕਿੱਧਰੇ ਵੀ ਬਾਹਰ ਜਾਣ ਤੋਂ ਪਹਿਲਾਂ ਪਾਣੀ ਪੀਓ

**ਚੌਕ ਮਹਿਤਾ 21 ਮਈ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਵੱਧ ਰਹੀ ਤਪਸ਼ ਅਤੇ ਲੂ ਤੋਂ ਬਚਣ ਲਈ ਸਿਵਲ ਸਰਜਨ ਦਫ਼ਤਰ ਵਲੋਂ ਕੁਝ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਸਬੰਧੀ ਡਾ. ਸੁਮੀਤ ਸਿੰਘ ਸਿਵਲ ਸਰਜਨ ਅੰਮ੍ਰਿਤਸਰ ਨੇ ਦੱਸਿਆ ਕਿ ਵੱਧ ਰਹੀ ਤਪਸ਼ ਵਿਚ ਲੂ ਤੋਂ ਬਚਣ ਲਈ ਕਿੱਧਰੇ ਵੀ ਬਾਹਰ ਜਾਣ ਤੋਂ ਪਹਿਲਾਂ ਪਾਣੀ ਪੀ ਕੇ ਘਰੋਂ ਨਿਕਲਣਾ ਚਾਹੀਦਾ ਹੈ। ਸਿਵਲ ਸਰਜਨ ਨੇ ਦੱਸਿਆ ਕਿ ਗਰਮੀ ਤੋਂ ਆਪਣੇ ਆਪ ਨੂੰ ਬਚਾਉਣ ਲਈ ਘਰ ਤੋਂ ਬਾਹਰ ਨਿਕਲਣ ਤੋਂ ਪਹਿਲਾਂ ਤਰਲ ਪਦਾਰਥ ਜਿਵੇਂ ਕਿ ਲੱਸੀ, ਪਾਣੀ, ਨਿੰਬੂ ਪਾਣੀ ਪੀ ਕੇ ਹੀ ਨਿਕਲਣਾ ਚਾਹੀਦਾ ਹੈ ਅਤੇ ਕੋਸ਼ਿਸ ਕਰੋ ਕਿ ਦੁਪਹਿਰ ਵੇਲੇ ਘਰ ਤੋਂ ਬਾਹਰ ਘੱਟ ਨਿਕਲਿਆ ਜਾਵੇ।



ਡਾ. ਸੁਮੀਤ ਸਿੰਘ ਨੇ ਦੱਸਿਆ ਕਿ ਜੇਕਰ ਜ਼ਰੂਰਤ ਅਨੁਸਾਰ ਬਾਹਰ ਨਿਕਲਣਾ ਵੀ ਪੈਂਦਾ ਹੈ ਤਾਂ ਕੋਸ਼ਿਸ ਕਰੋ ਕਿ ਬੈਠਣ ਲਈ ਥਾਂ ਠੰਢੀ ਹੋਵੇ। ਉਨਾਂ ਕਿਹਾ ਕਿ ਜ਼ਿਆਦਾ ਪਾਣੀ ਦਾ ਸੇਵਨ ਕਰਨਾ, ਕੋਲਡਰਿੰਕਸ ਪੀਣ ਤੋਂ ਬਚਣਾ ਚਾਹੀਦਾ ਹੈ ਅਤੇ ਹਲਕੇ ਰੰਗ ਦੇ ਕੱਪੜੇ ਪਹਿਨਣੇ ਚਾਹੀਦੇ ਹਨ। ਉਨਾਂ ਕਿਹਾ ਕਿ ਪੀਕ ਘੰਟੇ 12 ਤੋਂ 3 ਵਜੇ ਤੱਕ ਘਰੋਂ ਬਾਹਰ ਨਿਕਲਣ ਤੋਂ ਗੁਰੇਜ ਕਰਨਾ ਚਾਹੀਦਾ ਹੈ ਕਿਉਂਕਿ ਇਸ ਸਮੇਂ ਲੂ ਆਪਣੀ ਪੂਰੇ ਜੋਰਾਂ ਤੇ ਹੁੰਦੀ ਹੈ। ਸਿਵਲ ਸਰਜਨ ਨੇ ਵੱਖ ਵੱਖ ਵਿਭਾਗਾਂ ਨੂੰ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਸਕੂਲਾਂ ਵਿੱਚ ਬੱਚਿਆਂ ਦੇ ਪੀਣ ਲਈ ਠੰਡਾ ਪਾਣੀ ਕਾਫੀ ਮਾਤਰਾ ਵਿੱਚ ਹੋਣਾ ਚਾਹੀਦਾ ਹੈ ਅਤੇ ਟਰਾਂਸਪੋਰਟ ਅਧਿਕਾਰੀਆਂ ਨੂੰ ਬੱਸਾਂ ਵਿੱਚ ਯਾਤਰੂਆਂ ਦੀ ਸਹੂਲਤ ਲਈ ਫਸਟ ਏਡ ਬਾਕਸ ਅਤੇ ਪੀਣ ਵਾਲੇ ਦਾ ਇੰਤਜਾਮ ਰੱਖਣਾ ਚਾਹੀਦਾ ਹੈ। ਉਨਾਂ ਨੇ ਲੇਬਰ ਵਿਭਾਗ ਅਤੇ ਪੰਚਾਇਤੀ ਰਾਜ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਉਹ ਮਜਦੂਰਾਂ ਅਤੇ ਮਗ-ਨਰੇਗਾ ਦੇ ਕਾਮਿਆਂ ਦੇ ਸਮੇਂ ਵਿੱਚ ਬਦਲਾਅ ਕਰਨ ਅਤੇ 12 ਤੋਂ 3 ਵਜੇ ਤੱਕ ਤਪਸ਼ ਸਮੇਂ ਮਜਦੂਰੀ ਕਰਨ ਤੋਂ ਗੁਰੇਜ ਕੀਤਾ ਜਾਵੇ।

ਡਾ. ਸੁਮੀਤ ਸਿੰਘ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਵੱਧ ਰਹੀ ਤਪਸ਼ ਕਾਰਨ ਆਪਣੇ ਪਸ਼ੂਆਂ ਦਾ ਧਿਆਨ ਰੱਖਣ ਅਤੇ ਉਨਾਂ ਲਈ ਪੀਣ ਵਾਲੇ ਪਾਣੀ ਦਾ ਖਾਸ ਧਿਆਨ ਦੇਣ। ਡਾ. ਸੁਮੀਤ ਸਿੰਘ ਨੇ ਦੱਸਿਆ ਕਿ ਲੂ ਦੇ ਲੱਛਣ ਜਿਵੇਂ ਕਿ ਚੱਕਰ ਆਉਣਾ, ਬਹੁਤ ਪਸੀਨਾ ਆਉਣਾ, ਥਕਾਨ ਹੋਣਾ, ਸਿਰ ਦਰਦ, ਉਲਟੀਆਂ, ਲਾਲ ਗਰਮ ਤੇ ਖੁਸ਼ਕ ਚੱਮੜੀ, ਮਾਂਸਪੇਸ਼ਿਆਂ ਵਿਚ ਕਮਜ਼ੋਰੀ ਹੋਣਾ ਆਦਿ ਹਨ। ਉਨਾਂ ਦੱਸਿਆ ਕਿ ਬੱਚਿਆਂ, ਬਜੁਰਗਾਂ ਅਤੇ ਗਰਭਵਤੀ ਔਰਤਾਂ ਨੂੰ ਰਗਮੀ ਲੱਗਣ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ। ਸਿਵਲ ਸਰਜਨ ਨੇ ਦੱਸਿਆ ਕਿ ਜ਼ਰੂਰਤ ਪੈਣ ਤੇ ਮੁਫ਼ਤ ਐਂਬੂਲੈਂਸ ਸੇਵਾ ਲਈ ਟੋਲ ਫ੍ਰੀ ਨੰਬਰ 108 ਅਤੇ ਸਿਹਤ ਸਬੰਧੀ ਜਾਣਕਾਰੀ ਲੈਣ ਲਈ ਟੋਲ ਫ੍ਰੀ ਨੰਬਰ 104 'ਤੇ ਕਾਲ ਕੀਤੀ ਜਾ ਸਕਦੀ ਹੈ।

ਇਸ ਸਬੰਧੀ ਹੋਰ ਸਾਵਧਾਨੀਆਂ ਵੀ ਅਪਨਾਉਣ ਦੀ ਲੋੜ ਹੈ। ਉਨਾਂ ਦੱਸਿਆ ਕਿ ਵੱਧ ਰਹੇ ਤਾਪਮਾਨ ਦੇ ਕਾਰਨ ਆਪਣੀਆਂ ਕਾਰਾਂ ਅੰਦਰ ਗੈਸ ਸਮੱਗਰੀ, ਲਾਈਟਰ, ਆਮਤੌਰ ਤੇ ਪ੍ਰਫਿਊਮ ਅਤੇ ਡਿਵਾਇਸ ਬੈਟਰੀਆਂ, ਕੋਲਡ ਡ੍ਰਿੰਕ ਨਹੀਂ ਰਖਣੀਆਂ ਚਾਹੀਦੀਆਂ ਅਤੇ ਕਾਰਾਂ ਦੇ ਟਾਇਰਾਂ ਨੂੰ ਜਿਆਦਾ ਨਹੀਂ ਫੁਲਾਉਣਾ ਚਾਹੀਦਾ। ਉਨਾਂ ਕਿਹਾ ਕਿ ਵੱਧ ਰਹੀ ਗਰਮੀ ਦੇ ਕਾਰਨ ਬਿੱਛੂਆਂ ਅਤੇ ਸੱਪਾਂ ਤੋਂ ਸਾਵਧਾਨ ਰਹੋ, ਕਿਉਂਕਿ ਉਹ ਆਪਣੀਆਂ ਖੱਡਾਂ ਵਿੱਚੋਂ ਬਾਹਰ ਨਿਕਲ ਕੇ ਠੰਡੀਆਂ ਥਾਵਾਂ ਦੀ ਭਾਲ ਵਿੱਚ ਘਰਾਂ ਵਿੱਚ ਦਾਖਲ ਹੋ ਸਕਦੇ ਹਨ। ਉਨਾਂ ਕਿਹਾ ਕਿ ਧਿਆਨ ਰੱਖਣ ਦੀ ਗੱਲ ਹੈ ਕਿ ਗੈਸ ਸਲੰਡਰ ਨੂੰ ਧੁੱਪ ਵਿੱਚ ਨਾ ਰੱਖਿਆ ਜਾਵੇ, ਕਿਉਂਕਿ ਵੱਧ ਰਹੀ ਗਰਮੀ ਕਾਰਨ ਕੋਈ ਵੀ ਹਾਦਸਾ ਵਾਪਰ ਸਕਦਾ ਹੈ।

### ਆਮ ਆਦਮੀ ਪਾਰਟੀ ਦੀ ਨੀਤੀਆਂ ਤੋਂ ਖੁਸ਼ ਹੋ ਕੇ

# ਪਿੰਡ ਵਡਾਲੀ ਡੋਗਰਾਂ ਦੇ ਕਈ ਪਰਿਵਾਰ ਹੋਏ ਆਪ 'ਚ ਸ਼ਾਮਿਲ ਈ ਟੀ ਓ

**ਜੰਡਿਆਲਾ ਗੁਰੂ, 21 ਮਈ (ਕੁਲਵੰਤ ਸਿੰਘ ਵਿਰਦੀ)**-ਆਮ ਆਦਮੀ ਪਾਰਟੀ ਦੀ ਨੀਤੀਆਂ ਤੋਂ ਖ਼ੁਸ਼ ਹੋ ਕੇ ਦਰਜ਼ਨਾਂ ਪਰਿਵਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ ਅਤੇ ਆਪ ਦਾ ਪਰਿਵਾਰ ਲਗਾਤਾਰ ਵੱਧ ਰਿਹਾ ਹੈ ਜਿਸਦਾ ਸਬੂਤ ਅੱਜ ਜੰਡਿਆਲਾ ਹਲਕੇ ਵਿਚ ਪੈਂਦਾ ਪਿੰਡ ਵਡਾਲੀ ਡੋਗਰਾਂ ਦੇ ਕਾਂਗਰਸੀ ਪੰਚਾਇਤ ਮੈਂਬਰ ਗਿਆਨੀ ਸੁਰਜਨ ਸਿੰਘ ਅਤੇ ਦਰਜਨਾਂ ਪਰਿਵਾਰ ਅਕਾਲੀ ਦਲ ਪਾਰਟੀ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਇਨਾਂ ਸ਼ਬਦਾਂ ਦਾ ਪ੍ਰਗਟਾਵਾ ਸ: ਹਰਭਜਨ ਸਿੰਘ ਈ ਟੀ ਓ ਕੈਬਨਿਟ ਮੰਤਰੀ ਪੰਜਾਬ ਨੇ ਪਿੰਡ ਵਡਾਲੀ ਡੋਗਰਾਂ ਦੇ ਸਮੂਹ ਲੋਕਾਂ ਨੂੰ ਆਪ ਵਿੱਚ ਸ਼ਾਮਲ ਕਰਦੇ ਸਮੇਂ ਕੀਤਾ ਉਨਾਂ ਕਿਹਾ ਕਿ ਪਿੰਡ ਵਡਾਲੀ ਡੋਗਰਾਂ ਦੇ ਕਾਂਗਰਸੀ ਪੰਚਾਇਤ ਮੈਂਬਰ ਗਿਆਨੀ ਸੁਰਜਨ ਸਿੰਘ ਅਕਾਲੀ ਦਲ ਪਾਰਟੀ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਜਿਸ ਵਿੱਚ ਸੰਨਦੀਪ ਸਿੰਘ, ਕੁਲਦੀਪ ਸਿੰਘ ਹਰਦੀਪ ਸਿੰਘ, ਹਰਬਿੰਦਰ ਸਿੰਘ, ਬਲਵਿੰਦਰ ਸਿੰਘ, ਜਸਬੀਰ ਸਿੰਘ, ਬਲਜਿੰਦਰ ਸਿੰਘ, ਰਵਿੰਦਰ ਸਿੰਘ, ਹਰਵਿੰਦਰ ਸਿੰਘ, ਅਰਸ਼ਦੀਪ ਸਿੰਘ, ਸਿਮਰਨਜੀਤ ਸਿੰਘ, ਮਨਜੀਤ ਸਿੰਘ, ਬਚਿੱਤਰ ਸਿੰਘ, ਪਰਮਜੀਤ ਸਿੰਘ ਸੋਢੀ, ਜੋਬਨ ਸਿੰਘ, ਹਰਪ੍ਰੀਤ ਸਿੰਘ, ਮੇਜਰ ਸਿੰਘ, ਸੂਬਾ ਸਿੰਘ, ਗੁਰਪ੍ਰੀਤ ਸਿੰਘ,ਹਰਪਾਲ ਸਿੰਘ, ਸੁਰਿੰਦਰ ਸਿੰਘ,



ਬਲਵਿੰਦਰ ਸਿੰਘ,ਸੋਲਟੀ, ਮੰਗਲ ਸਿੰਘ, ਜਸਪਾਲ ਸਿੰਘ,ਰਵੀ ਸਿੰਘ ਸ਼ਰਵਨ ਸਿੰਘ, ਰਣਜੀਤ ਸਿੰਘ ਅਤੇ ਹੋਰ ਸਮੂਹ ਪਿੰਡ ਵਾਸੀ ਸ਼ਾਮਲ ਹੋਏ ਹਨ ਈ ਟੀ ਓ ਨੇ ਕਿਹਾ ਕਿ ਤੁਹਡਾ ਸਭ ਦਾ ਪਾਰਟੀ ਵਿੱਚ ਪੂਰਾ ਮਾਨ ਸਤਿਕਾਰ ਕੀਤਾ ਜਾਵੇਗਾ ਸ: ਈ ਟੀ ਓ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਨੂੰ ਤਾਂ ਪਿੰਡਾਂ ਵਿੱਚ ਵਰਕਰ ਤੱਕ ਨਹੀਂ ਲਭ ਰਹੇ ਅਤੇ ਹੁਣ ਉਹ ਝੂਠੇ ਲਾਰੇ ਲਾ ਕੇ ਲੋਕਾਂ ਨੂੰ ਆਪਣੀ ਤਰਫ਼ ਖਿੱਚਣ ਦਾ ਯਤਨ ਕਰ ਰਹੇ ਹਨ ਉਨਾਂ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਇਨਾਂ ਦੇ ਝੂਠੇ ਲਾਰਿਆਂ ਤੋਂ ਬੱਚ ਕੇ ਰਹੋ ਉਨਾਂ ਕਿਹਾ ਕਿ ਇਨਾਂ ਪਾਰਟੀਆਂ ਨੇ ਤਾਂ ਪੰਜਾਬ ਦਾ ਬੇੜਾ ਗਰਕ ਹੀ ਕਰ ਦਿੱਤਾ ਹੈ ਇਸ ਮੌਕੇ ਤੇ ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸੁਸਾਇਟੀ ਦੇ ਸਾਹਿਬ ਸਿੰਘ ਸੰਧੂ, ਬਿਕਰਮਜੀਤ ਸਿੰਘ, ਸੁਰਜੀਤ ਸਿੰਘ ਬਲਕਾਰ ਸਿੰਘ, ਸਤਿੰਦਰ ਸਿੰਘ,ਜੋਬਨਬੀਰ ਸਿੰਘ ਵਡਾਲੀ, ਪ੍ਰਗਟ ਸਿੰਘ, ਸਵਿੰਦਰ ਸਿੰਘ ਅਤੇ ਹੋਰ ਵੀ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਸਨ।

### ਸੁਖਬੀਰ ਬਾਦਲ ਵੱਲੋਂ ਸਿੱਖਾਂ ਅਤੇ ਭਾਜਪਾ ਬਾਰੇ ਟਿੱਪਣੀਆਂ ਉਸ ਦੀ ਘਬਰਾਹਟ ਦਾ ਨਤੀਜਾ ਹਨ

# ਸੰਧੂ ਸਮੁੰਦਰੀ ਪਾਰਲੀਮੈਂਟ ਵਿੱਚ ਅੰਮ੍ਰਿਤਸਰ ਦੇ ਚੰਗੇ ਵਕੀਲ ਸਾਬਤ ਹੋਣਗੇ - ਅਵਿਨਾਸ਼ ਰਾਏ ਖੰਨਾ



**ਅੰਮ੍ਰਿਤਸਰ, 21 ਮਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਅਤੇ ਅੰਮ੍ਰਿਤਸਰ ਲੋਕ ਸਭਾ ਇੰਚਾਰਜ ਅਵਿਨਾਸ਼ ਰਾਏ ਖੰਨਾ ਨੇ ਕਿਹਾ ਕਿ ਪੰਜਾਬ ਵਿੱਚ ਮੋਦੀ ਜੀ ਦਾ ਫੈਕਟਰ ਪੂਰੀ ਤਰ੍ਹਾਂ ਕੰਮ ਕਰ ਰਿਹਾ ਹੈ। ਅੰਮ੍ਰਿਤਸਰ ਤੋਂ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਪਾਰਲੀਮੈਂਟ ਵਿੱਚ ਇੱਕ ਚੰਗੇ ਵਕੀਲ ਸਾਬਤ ਹੋਣਗੇ।ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਭਾਜਪਾ ਦੇ ਸੰਸਦ ਮੈਂਬਰ ਤੋਂ ਬਿਨਾਂ ਵੀ ਅੰਮ੍ਰਿਤਸਰ ਨੂੰ ਬਹੁਤ ਕੁਝ ਦਿੱਤਾ ਹੈ, ਜੇਕਰ ਸਾਡੇ ਵਕੀਲ ਸੰਸਦ ਮੈਂਬਰ ਉੱਥੇ ਜਾਂਦੇ ਤਾਂ ਤੁਸੀਂ ਸਮਝ ਸਕਦੇ ਹੋ ਕਿ ਅੰਮ੍ਰਿਤਸਰ ਦੀ ਹਾਲਤ ਕਿੰਨੀ ਬਿਹਤਰ ਹੁੰਦੀ। ਅਵਿਨਾਸ਼ ਰਾਏ ਖੰਨਾ ਨੇ ਕਿਹਾ ਕਿ ਇੱਕ ਦੂਜੇ 'ਤੇ ਦੋਸ਼ ਲਗਾਉਣ ਦੀ ਰਾਜਨੀਤੀ ਦਾ ਬੋਲਬਾਲਾ ਸਿਆਸਤ 'ਚ ਕਾਫੀ ਭਾਰੂ ਹੋ ਗਿਆ ਹੈ, ਪਰ ਇਸ ਵਾਰ ਤੁਸੀਂ ਸਾਡੇ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਦੀ ਗੱਲ ਸੁਣੀ। ਉਨ੍ਹਾਂ ਸਪੱਸ਼ਟ ਤੌਰ 'ਤੇ ਅੰਮ੍ਰਿਤਸਰ ਦੇ ਵਿਕਾਸ ਦੀ ਗੱਲ ਕੀਤੀ ਅਤੇ ਇੱਥੋਂ ਦੀਆਂ ਸਮੱਸਿਆਵਾਂ ਦੇ ਹੱਲ ਦੀ ਗੱਲ ਕੀਤੀ। ਅੰਮ੍ਰਿਤਸਰ ਲਈ ਉਨ੍ਹਾਂ ਦੀ ਨਜ਼ਰ ਬਹੁਤ ਸਪੱਸ਼ਟ ਹੈ।

**ਇਸ ਸੰਸਦੀ ਚੋਣ ਵਿੱਚ ਅਕਾਲੀ ਦਲ ਕਿਤੇ ਵੀ ਦੌੜ ਵਿੱਚ ਨਹੀਂ ਹੈ**

ਅਵਿਨਾਸ਼ ਰਾਏ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਭਾਜਪਾ ਨੂੰ ਲੈ ਕੇ ਸਿੱਖ ਕੌਮ 'ਤੇ ਦਿੱਤੇ ਬਿਆਨ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਸੁਖਬੀਰ 'ਚ ਇਕ ਤਰ੍ਹਾਂ ਦੀ ਘਬਰਾਹਟ ਹੈ, ਡਰ ਹੈ ਕਿ ਅੱਜ ਸਿੱਖ ਕੌਮ ਭਾਜਪਾ ਵੱਲ ਜਾ ਰਹੀ ਹੈ, ਜਦਕਿ ਅਕਾਲੀ ਭਾਜਪਾ ਗਠਜੋੜ ਨਾ ਹੋਣ ਦੇ ਬਾਵਜੂਦ ਸਿੱਖ ਤੇਜ਼ੀ ਨਾਲ ਭਾਜਪਾ ਵਿਚ ਸ਼ਾਮਲ ਹੋ ਰਹੇ ਹਨ। ਕੀ ਤੁਸੀਂ ਅਜੇ ਤੱਕ ਨਹੀਂ ਦੇਖਿਆ ਕਿ ਸਾਡੇ ਕਿੰਨੇ ਉਮੀਦਵਾਰ ਸਿੱਖ ਹਨ ?, ਕਿੰਨੇ ਜ਼ਿਲ੍ਹਾ ਪ੍ਰਧਾਨ ਅਤੇ ਅਧਿਕਾਰੀ ਸਿੱਖ ਹਨ ? ਭਾਰਤੀ ਜਨਤਾ ਪਾਰਟੀ ਅੱਜ ਹਰ ਵਰਗ ਹਰ ਭਾਈਚਾਰੇ ਦੀ ਨੁਮਾਇੰਦਗੀ ਕਰ ਰਹੀ ਹੈ।ਸੁਖਬੀਰ ਬਾਦਲ ਸਮਾਜ ਵਿੱਚ ਭਾਈਚਾਰਿਆਂ ਵਿੱਚ ਵਿਤਕਰਾ ਪੈਦਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਜੋ ਕਹਿੰਦੇ ਸਨ ਕਿ ਸਾਡਾ ਰਿਸ਼ਤਾ ਨੌਂਹ ਮਾਸ ਦਾ ਹੈ। ਹੁਣ ਉਸ ਨੇ ਸਮਾਜ ਨੂੰ ਵੰਡਣ ਦੀ ਕੋਸ਼ਿਸ਼ ਕੀਤੀ ਹੈ। ਉਹ ਪੰਜਾਬ ਦੀ ਸਥਿਤੀ ਦੇ ਬਿਲਕੁਲ ਉਲਟ ਬਿਆਨ ਦੇ ਕੇ ਪੰਜਾਬ ਦੀ ਏਕਤਾ ਨੂੰ ਵਿਗਾੜਨ ਦੀ ਕੋਸ਼ਿਸ਼ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਬੜੀ ਮੁਸ਼ਕਲ ਨਾਲ ਲੋਕ ਸਭਾ ਲਈ ਉਮੀਦਵਾਰ ਹਾਸਲ ਕੀਤੇ ਹਨ। ਇਸ ਸੰਸਦੀ ਚੋਣ ਵਿੱਚ ਅਕਾਲੀ ਦਲ ਕਿਤੇ ਵੀ ਦੌੜ ਵਿੱਚ ਨਹੀਂ ਹੈ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਸੁਖਬੀਰ ਕਹਿ ਰਹੇ ਹਨ ਕਿ ਅੰਮ੍ਰਿਤਪਾਲ ਸਿੰਘ ਬੰਦੀ ਸਿੰਘ ਨਹੀਂ ਹੈ ਤਾਂ ਉਨ੍ਹਾਂ ਕਿਹਾ ਕਿ ਸੁਖਬੀਰ ਦੇ ਆਪਣੇ ਪਿਤਾ ਪ੍ਰਕਾਸ਼ ਸਿੰਘ ਬਾਦਲ ਵੀ ਕਈ ਵਾਰ ਜੇਲ੍ਹ ਜਾ ਚੁੱਕੇ ਹਨ। ਖੈਰ, ਇੱਕ ਪਾਸੇ ਉਹ ਆਪਣੇ ਆਪ ਨੂੰ ਪੰਥਕ ਪਾਰਟੀ ਦੱਸ ਰਹੇ ਹਨ। ਪਰ ਦੂਜਿਆਂ ਦੇ ਪੈਂਤੜੇ 'ਤੇ ਉਸਦੀ ਰਾਏ ਕੁਝ ਵੱਖਰੀ ਹੈ। ਇਸ ਤੋਂ ਤੁਸੀਂ ਸਮਝ ਸਕਦੇ ਹੋ ਕਿ ਉਸ ਦੀ ਸੋਚ ਅਤੇ ਪੈਂਤੜੇ ਵਿਚ ਕੋਈ ਸਪੱਸ਼ਟਤਾ ਨਹੀਂ ਹੈ। ਖੁੱਲ੍ਹ ਕੇ ਗੱਲ ਕਰੋ, ਅਸੀਂ ਰਾਮ ਮੰਦਰ ਦਾ ਮੁੱਦਾ ਉਠਾਇਆ। ਦੇਸ਼ ਦੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਰਾਮ ਮੰਦਰ ਬਣੇਗਾ, ਅਸੀਂ ਬਣਾਇਆ ਹੈ।ਅਸੀਂ ਕਦੇ ਵੀ ਕਿਸੇ ਵੀ ਸ਼ਬਦ ਜਾਂ ਕਾਰਜ ਦੁਆਰਾ ਕਿਸੇ ਧਰਮ ਦਾ ਅਪਮਾਨ ਨਹੀਂ ਕੀਤਾ। ਸਾਰਿਆਂ ਦਾ ਸਤਿਕਾਰ ਕੀਤਾ। ਅਸੀਂ ਅਫਗਾਨਿਸਤਾਨ ਤੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਲੈ ਕੇ ਆਏ ਹਾਂ। ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ 'ਵੀਰ ਬਾਲ ਦਿਵਸ' ਮਨਾ ਕੇ ਪੰਜਾਬ ਤੋਂ ਬਾਅਦ ਲੋਕਾਂ ਨੂੰ ਉਨ੍ਹਾਂ ਦੀ ਮਹਾਨ ਸ਼ਹਾਦਤ ਬਾਰੇ ਜਾਣੂ ਕਰਵਾਇਆ। ਐਸਸੀ ਸਮਾਜ ਦੀ ਗੱਲ ਕਰੀਏ ਤਾਂ ਐਸਸੀ ਸਮਾਜ ਡਾ: ਅੰਬੇਡਕਰ ਨੂੰ ਆਪਣਾ ਆਦਰਸ਼ ਮੰਨਦਾ ਹੈ, ਉਨ੍ਹਾਂ ਨੂੰ ਭਾਰਤ ਰਤਨ ਕਿਉਂ ਨਹੀਂ ਦਿੱਤਾ ਗਿਆ ? ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਨੇ ਉਨ੍ਹਾਂ ਨੂੰ ਨਾ ਸਿਰਫ਼ ਭਾਰਤ ਰਤਨ ਦਿੱਤਾ ਹੈ ਸਗੋਂ ਪੰਜ ਤੀਰਥ ਸਥਾਨਾਂ ਦੀ ਚੋਣ ਵੀ ਕੀਤੀ ਹੈ। ਜਿਨ੍ਹਾਂ ਨੂੰ ਤੀਰਥ ਵਜੋਂ ਜਾਣਿਆ ਜਾ ਰਿਹਾ ਹੈ।

ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਗੈਰ-ਸੰਜੀਦਾ ਮੁੱਖ ਮੰਤਰੀ ਦੱਸਦਿਆਂ ਕਿਹਾ ਕਿ ਉਹ ਕੁਝ ਵੀ ਕਹਿ ਸਕਦੇ ਹਨ, ਪਰ ਜਿਹੜਾ ਵਿਅਕਤੀ ਢਾਈ ਸਾਲਾਂ 'ਚ ਪੰਜਾਬ ਲਈ ਕੁਝ ਨਹੀਂ ਕਰ ਸਕਿਆ, ਉਹ ਅਗੇ ਕੀ ਕਰੇਗਾ, ਇਸ ਸਮੇਂ ਪਿੰਡ ਦੀਆਂ ਔਰਤਾਂ ਪੁੱਛਦੀਆਂ ਹਨ ਕਿ ਜਿਸ ਵਿਅਕਤੀ ਨੇ ਉਨ੍ਹਾਂ ਨੂੰ ਇੱਕ ਹਜ਼ਾਰ ਰੁਪਏ ਦੇਣੇ ਸਨ, ਉਹ ਕਿੱਥੇ ਗਿਆ ? ਉਸ ਦਾ ਕਹਿਣਾ ਹੈ ਕਿ ਹੁਣ ਅਸੀਂ ਚੋਣਾਂ ਤੋਂ ਬਾਅਦ ਦੇਵਾਂਗੇ। ਤਾਂ ਇਸ ਨੂੰ ਗੈਰ-ਗੰਭੀਰ ਕਿਉਂ ਨਾ ਕਿਹਾ ਜਾਵੇ ?

ਉਨ੍ਹਾਂ ਕਿਹਾ ਕਿ ਇਸ ਵਾਰ ਭਾਜਪਾ 400 ਤੋਂ ਵੱਧ ਸੀਟਾਂ ਪ੍ਰਾਪਤੀ ਕਰ ਰਹੀ ਹੈ। ਭਾਰਤੀ ਜਨਤਾ ਪਾਰਟੀ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ ਜਾ ਚੁਕਾ ਹੈ ਅਤੇ ਪੰਜਾਬ 'ਚ ਅਗਲੀ ਸਰਕਾਰ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੋਵੇਗੀ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਪੈਨਸ਼ਰ ਵੈਲਫੇਅਰ ਫੈਡਰੇਸ਼ਨ ਪਾਵਰ ਕਾਮ ਟਰਾਸਕੋ ਪੰਜਾਬ ਨੇ ਈਟੀਓ ਹਰਭਜਨ ਸਿੰਘ ਨਾਲ ਕੀਤੀ ਮੁਲਾਕਾਤ



ਚੌਕ ਮਹਿਤਾ, 21 ਮਈ (ਬਾਬਾ ਸੁਖਵੰਤ ਸਿੰਘ ਚੰਨਣਕੇ)-- ਪੈਨਸ਼ਰ ਵੈਲਫੇਅਰ ਫੈਡਰੇਸ਼ਨ ਪਾਵਰ ਕਾਮ ਟਰਾਸਕੋ ਪੰਜਾਬ ਦੇ ਮੀਤ ਪ੍ਰਧਾਨ ਮਲਕੀਤ ਸਿੰਘ ਕੰਗ ਜਨਰਲ ਸਕੱਤਰ ਰਈਆ ਮੰਡਲ ਬਲਵਿੰਦਰ ਸਿੰਘ ਗਿੱਲ,ਪਟਵਾਰੀ ਅਵਤਾਰ ਸਿੰਘ ਨਾਗੋਕੇ ਸੀਨੀਅਰ ਮੀਤ ਪ੍ਰਧਾਨ,ਸੁਖਚੇਨ ਸਿੰਘ ਜੇਈ ਮਹਿਤਾ ,ਲਖਵਿੰਦਰ ਸਿੰਘ ਪ੍ਰਧਾਨ ਮਹਿਤਾ ਚੌਕ, ਸਤਨਾਮ ਸਿੰਘ ਮਹਿਸਮਪੁਰ,ਮੋਹਨ ਸਿੰਘ ਕੰਗ ਜਲਾਲ ਉਸਮਾਂ ਅਤੇ ਸਰਬਜੀਤ ਸਿੰਘ ਨਾਗੋਕੇ ਆਦਿ ਨੇ ਸਾਂਝੇ ਤੋਰ ਤੇ ਕੈਨਨਿਟ ਮੰਤਰੀ ਈਟੀਓ ਹਰਭਜਨ ਸਿੰਘ ਨਾਲ ਅੱਡਾ ਨਾਥ ਦੀ ਖੂਹੀ ਤੇ ਡੇਰਾ ਰਾਧਾ ਸੁਆਮੀ ਤੇਜ ਰਸੀਲਾ ਭਗਤ ਪਿਆਰਾ ਇੰਨਕਲੇਵ ਵਿਖੇ ਬਾਬਾ ਜਗਤਾਰ ਸਿੰਘ ਜੀ ਦੀ ਹਾਜਰੀ ਵਿੱਚ ਮੁਲਾਕਾਤ ਕੀਤੀ ਅਤੇ ਸਾਥੀਆ ਨੂੰ ਆਉਦੀਆ ਦਰਪੇਸ਼ ਮੁਸ਼ਕਲਾਂ ਸਬੰਧੀ ਜਾਣੂ ਕਰਵਾਇਆ ਗਿਆ।

# ਮੌਜੂਦਾ ਸਰਕਲ ਪ੍ਰਧਾਨ ਅਕਾਲੀ ਐਸ.ਸੀ ਵਿੰਗ ਮਲਕੀਤ ਸਿੰਘ ਆਪਣੇ ਸੈਕੜੇਂ ਸਾਥੀਆਂ ਸਮੇਤ ਆਪ ਪਾਰਟੀ ਵਿੱਚ ਸ਼ਾਮਲ



**ਚੌਕ ਮਹਿਤਾ 21 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ)** -ਸਰਕਲ ਜਲਾਲ ਉਸਮਾਂ ਵਿੱਚ ਪੈਂਦੇ ਪਿੰਡ ਉਦੋਨੰਗਲ ਖੁਰਦ ਦੇ ਅਕਾਲੀ ਦਲ ਬਾਦਲ ਦੇ ਮੌਜੂਦਾ ਸਰਕਲ ਪ੍ਰਧਾਨ ਸ. ਮਲਕੀਤ ਸਿੰਘ ਆਪਣੇ ਸੈਕੜੇਂ ਸਾਥੀਆਂ ਸਮੇਤ ਸ. ਹਰਭਜਨ ਸਿੰਘ ਈ.ਟੀ.ਓ ਕੈਬਨਿਟ ਮੰਤਰੀ ਪੰਜਾਬ ਦੀ ਪ੍ਰੇਰਨਾ ਸਦਕਾ ਆਪ ਪਾਰਟੀ ਵਿੱਚ ਸ਼ਾਮਲ ਹੋਏ। ਇਸ ਮੌਕੇ ਸ. ਹਰਭਜਨ ਸਿੰਘ ਈ ਟੀ ਓ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆ ਕਿਹਾ ਕਿ ਸਿਰਫ ਆਪ ਪਾਰਟੀ ਹੀ ਪੰਜਾਬ ਦੇ ਲੋਕਾਂ ਦੀ ਦੁੱਖ - ਸੁੱਖ ਦੀ ਭਾਈਵਾਲ ਪਾਰਟੀ ਹੈ।ਇਸ ਸਮੇਂ ਮੰਤਰੀ ਈ.ਟੀ.ਓ ਨੇ ਮਲਕੀਤ ਸਿੰਘ ਉਦੋਨੰਗਲ ਖੁਰਦ ਨੂੰ ਸਿਰੋਪਿਓ ਦੇ ਸਨਮਾਨਿਤ ਕੀਤਾ ਜੋ ਕਿ ਸਰਕਲ ਜਲਾਲ ਉਸਮਾਂ ਦੇ ਬਹੁਤ ਹੀ ਹਰਮਨ ਪਿਆਰੇ ਆਗੂ ਹਨ।ਸ. ਮਲਕੀਤ ਸਿੰਘ ਨੇ ਸੰਬੋਧਨ ਕਰਦਿਆ ਕਿਹਾ ਕਿ ਪੰਜਾਬ ਵਿੱਚ ਲਗਭਗ ਅਕਾਲੀ ਦਲ ਦਾ ਸਫਾਇਆ ਹੋ ਚੁੱਕਾ ਹੈ ਅਤੇ ਲੋਕਾਂ ਦਾ ਅਕਾਲੀ ਪਾਰਟੀ ਨਾਲੋਂ ਮੋਹ ਭੰਗ ਹੋ ਚੁੱਕਾ ਹੈ ਅਤੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਆਪ ਪਾਰਟੀ ਨੂੰ ਵੱਧ ਤੋਂ ਵੱਧ ਵੋਟਾ ਪਾ ਕੇ ਜਿਤਾਓ ਅਤੇ ਸ, ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੇ ਸੁਪਨੇ ਨੂੰ ਸਕਾਰ ਕਰੀਏ।ਇਸ ਮੌਕੇ ਸ. ਹਰਭਜਨ ਸਿੰਘ ਈ.ਟੀ.ਓ ਕੈਬਨਿਟ ਮੰਤਰੀ ਤੋਂ ਇਲਾਵਾ ਸ. ਗੁਰਿੰਦਰ ਸਿੰਘ ਰੰਧਾਵਾ ਚੇਅਰਮੈਨ ਮੰਡੀ ਬੋਰਡ, ਜਰਮਨ ਸਿੰਘ ਬਲਾਕ ਪ੍ਰਧਾਨ, ਬਲਜੀਤ ਸਿੰਘ ਆਪ ਆਗੂ ਨੇ ਪਿੰਡ ਵਾਸੀਆਂ ਨੂੰ ਆਪ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਦੱਸਿਆਂ।ਇਸ ਮੌਕੇ ਜਸਮੇਲ ਸਿੰਘ ਸਟਰਿੰਗ ਵਾਲੇ, ਹਰਬੰਸ ਸਿੰਘ ਸੂਬੇਦਾਰ, ਅਮਰੀਕ ਸਿੰਘ, ਪਲਵਿੰਦਰ ਸਿੰਘ, ਸੁਖਚੈਨ ਸਿੰਘ, ਬਲਜੀਤ ਸਿੰਘ, ਕੁਲਵਿੰਦਰ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਸਿੰਕਦਰ ਸਿੰਘ, ਦਵਿੰਦਰ ਸਿੰਘ ਕਵਾੜੀਆ, ਬਲਦੇਵ ਸਿੰਘ ਦੂਲਾ, ਪਾਲ ਸਿੰਘ, ਸੁਖਦੇਵ ਸਿੰਘ ਪ੍ਰਧਾਨ, ਮੁਖਤਾਰ ਸਿੰਘ, ਮੰਗਲਜੀਤ ਸਿੰਘ, ਕਾਲਾ ਰਾਮ, ਲੱਖਾ ਸਿੰਘ, ਲਵਪ੍ਰੀਤ ਸਿੰਘ, ਦੀਪੂ, ਲਾਡੀ, ਬਲਜੀਤ ਕੌਰ ਸਾਬਕਾ ਸਰਕਲ ਪ੍ਰਧਾਨ ਇਸਤਰੀ ਵਿੰਗ, ਤਲਵਿੰਦਰ ਕੌਰ, ਸੁਖਵਿੰਦਰ ਕੌਰ, ਮਨਜੀਤ ਕੌਰ, ਊਸਾਂ ਰਾਣੀ, ਮਨਦੀਪ ਕੌਰ, ਸਿੰਦਰੋਂ , ਮਨਜੀਤ ਕੌਰ, ਸੁਰਿੰਦਰ ਕੌਰ, ਮੋਂਹਣੀ ਆਦਿ ਪਰਿਵਾਰਾ ਨੇ ਆਮ ਪਾਰਟੀ ਦਾ ਪੱਲਾ ਫੜਿਆ।ਇਸ ਸਮੇਂ ਸ. ਮਲਕੀਤ ਸਿੰਘ ਨੇ ਪਹੁੰਚੀ ਹੋਈ ਲੀਡਰਸ਼ਿਪ ਦਾ ਧੰਨਵਾਦ ਕੀਤਾ।

# ਇਰਾਨ ਦੇ ਪ੍ਰੈਜੀਡੈਂਟ ਇਬਰਾਹਿਮ ਰਈਸੀ ਦੀ ਹੋਈ ਮੌਤ ਉਤੇ ਸ. ਮਾਨ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ



ਨਵੀਂ ਦਿੱਲੀ, 21 ਮਈ (ਮਨਪ੍ਰੀਤ ਸਿੰਘ ਖਾਲਸਾ):- "ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਇਰਾਨ ਦੇ ਪ੍ਰੈਜੀਡੈਂਟ ਇਬਰਾਹਿਮ ਰਈਸੀ ਦੀ ਇਕ ਹੈਲੀਕਪਟਰ ਹਾਦਸੇ ਦੌਰਾਨ ਹੋਈ ਮੌਤ ਉਤੇ ਇਰਾਨ ਸਰਕਾਰ ਤੇ ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਗਹਿਰੇ ਦੁੱਖ ਦਾ ਜਿਥੇ ਪ੍ਰਗਟਾਵਾਂ ਕੀਤਾ, ਉਥੇ ਉਨ੍ਹਾਂ ਅਤੇ ਉਨ੍ਹਾਂ ਨਾਲ ਵਿਦੇਸ ਵਜੀਰ ਹੁਸੈਨ ਅਮੀਰ ਅਬਦੁੱਲਾਯਾਨ ਅਤੇ ਹੋਰ 5 ਹੋਰਨਾਂ ਦੇ ਚਲੇ ਜਾਣ ਉਤੇ ਸੋਗ ਜਾਹਰ ਕਰਦੇ ਹੋਏ ਉਸ ਅਕਾਲ ਪੁਰਖ ਦੇ ਚਰਨਾਂ ਵਿਚ ਵਿਛੜੀਆ ਆਤਮਾਵਾ ਦੀ ਅਰਦਾਸ ਕੀਤੀ ।" ਉਨ੍ਹਾਂ ਕਿਹਾ ਕਿ ਇਹ ਬਹੁਤ ਅਫਸੋਸ ਵਾਲੀ ਗੱਲ ਹੈ ਕਿ ਜਦੋਂ ਇਰਾਨ ਦੇ ਅਮਰੀਕਾ ਨਾਲ ਸੰਬੰਧ ਚੰਗੇ ਨਹੀ ਹਨ ਅਤੇ ਅਮਰੀਕਾ ਨੇ ਇਰਾਨ ਤੇ ਪਾਬੰਦੀਆ ਲਗਾਈਆ ਹੋਈਆ ਹਨ ਤਾਂ ਇਸ ਉੱਚ ਅਹੁਦੇ ਉਤੇ ਬੈਠੇ ਇਬਰਾਹਿਮ ਰਈਸੀ ਵੱਲੋਂ ਉਸ ਅਮਰੀਕਨ ਬੈਲ ਜਹਾਜ ਦੀ ਵਰਤੋ ਕਿਉਂ ਕੀਤੀ ਗਈ ਜਦੋਕਿ ਉਸਦੇ ਪੁਰਜੇ ਤਾਂ ਇਰਾਨ ਨੂੰ ਪ੍ਰਾਪਤ ਨਹੀ ਹੋ ਸਕਦੇ । ਅਜਿਹੀਆ ਉੱਚ ਅਹੁਦਿਆ ਤੇ ਬੈਠੀਆ ਸਖਸ਼ੀਅਤਾਂ ਨੂੰ ਤਾਂ ਰੂਸ ਅਤੇ ਫ਼ਰਾਂਸ ਦੇ ਆਧੁਨਿਕ ਸਹੂਲਤਾਂ ਨਾਲ ਲੈਸ ਹੈਲੀਕਪਟਰਾਂ ਦੀ ਵਰਤੋ ਕਰਨੀ ਚਾਹੀਦੀ ਸੀ । ਉਨ੍ਹਾਂ ਕਿਹਾ ਕਿ 1978 ਵਿਚ ਜਦੋਂ ਪਾਕਿਸਤਾਨ ਦੇ ਪ੍ਰੈਜੀਡੈਂਟ ਜੀਆ-ਉੱਲ-ਹੱਕ ਸਨ, ਤਾਂ ਉਹ ਇਕ ਹੈਲੀਕਪਟਰ ਵਿਚ ਸਫਰ ਕਰ ਰਹੇ ਸਨ । ਇਸੇ ਤਰ੍ਹਾਂ ਇੰਡੀਆਂ ਦੇ ਰਹਿ ਚੁੱਕੇ ਚੀਫ ਆਫ ਡਿਫੈਸ ਸਰਵਿਸ ਜਰਨਲ ਬਿਪਿਨ ਰਾਵਤ ਹੈਲੀਕਪਟਰ ਵਿਚ ਸਫਰ ਕਰਦੇ ਹੋਏ ਮਾਰੇ ਗਏ ਸਨ ।ਅਸੀ ਇਨ੍ਹਾਂ ਦੋਵਾਂ ਸਮਿਆ ਤੇ ਪਾਕਿਸਤਾਨ ਅਤੇ ਇੰਡੀਆਂ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਸੀ ਕਿ ਇਨ੍ਹਾਂ ਹੋਈਆ ਮੌਤਾਂ ਦੀ ਨਿਰਪੱਖਤਾਂ ਨਾਲ ਜਾਂਚ ਕਰਵਾਈ ਜਾਵੇ । ਕਿਉਂਕਿ ਹੋ ਸਕਦਾ ਹੈ ਕਿ ਸਾਜਸੀ ਢੰਗ ਨਾਲ ਇਨ੍ਹਾਂ ਜਹਾਜ਼ਾਂ ਨੂੰ ਹਾਦਸਾਗ੍ਰਸਤ ਕੀਤਾ ਗਿਆ ਹੋਵੇ । ਪਰ ਦੋਵੇ ਸਮੇਂ ਨਾ ਪਾਕਿਸਤਾਨ ਸਰਕਾਰ ਨੇ ਅਤੇ ਨਾ ਹੀ ਇੰਡੀਆ ਸਰਕਾਰ ਨੇ ਇਹ ਜਾਂਚ ਨਹੀ ਕਰਵਾਈ । ਅਸੀ ਇਰਾਨ ਦੀ ਮੌਜੂਦਾ ਸਰਕਾਰ ਨੂੰ ਅਪੀਲ ਕਰਨਾ ਚਾਹਵਾਂਗੇ ਕਿ ਇਰਾਨ ਦੇ ਪ੍ਰੈਜੀਡੈਂਟ ਇਬਰਾਹਿਮ ਰਈਸੀ ਦੇ ਜਹਾਜ ਦੇ ਹੋਏ ਹਾਦਸੇ ਦੀ ਜਾਂਚ ਕਰਵਾਈ ਜਾਵੇ । ਸ. ਮਾਨ ਨੇ ਜਿਥੇ ਮ੍ਰਿਤਕਾਂ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ, ਉਥੇ ਇਰਾਨ ਦੇ ਉੱਚ ਅਹੁਦਿਆ ਤੇ ਬੈਠੇ ਪ੍ਰੈਜੀਡੈਂਟ, ਵਿਦੇਸ ਵਜੀਰ ਅਤੇ ਹੋਰਨਾਂ ਦੇ ਪਰਿਵਾਰਾਂ ਅਤੇ ਇਰਾਨੀਆ ਨਾਲ ਜੋ ਇਸ ਦੁੱਖ ਵਿਚ ਸਾਂਝ ਪਾਉਦੇ ਹੋਏ ਉਨ੍ਹਾਂ ਨੂੰ ਉਸ ਅਕਾਲ ਪੁਰਖ ਦੇ ਭਾਣੇ ਵਿਚ ਵਿਚਰਣ ਦੀ ਸ਼ਕਤੀ ਦੀ ਬਖਸਿਸ ਕਰਨ ਦੀ ਅਰਜੋਈ ਵੀ ਕੀਤੀ ।

ਅਖਬਾਰਾਂ ਵਿੱਚ ਇਕ ਪਾਸੜ ਖਬਰਾਂ ਛਾਪਣ 'ਤੇ ਖਰਚਾ ਹੋਵੇਗਾ ਬੁੱਕ - ਜਿਲ੍ਹਾ ਚੋਣ ਅਧਿਕਾਰੀ

# ਜਿਲ੍ਹਾ ਚੋਣ ਅਧਿਕਾਰੀ ਵੱਲੋਂ ਐਮ ਸੀ ਐਮ ਸੀ ਕੇਂਦਰ ਦਾ ਦੌਰਾ



ਜੰਡਿਆਲਾ ਗੁਰੂ 21 ਮਈ ( ਕੁਲਵੰਤ ਸਿੰਘ ਵਿਰਦੀ)–ਚੋਣ ਲੜ ਰਹੇ ਉਮੀਦਵਾਰਾਂ ਦੀ ਅਖਬਾਰਾਂ ਵਿੱਚ ਇਸ਼ਿਤਹਾਰ ਦੇ ਰੂਪ ਵਿੱਚ ਛਾਪੀਆਂ ਗਈਆਂ ਖਬਰਾਂ, ਜਿਸ ਵਿਚ ਇਕ ਪਾਸੜ ਕਵਰੇਜ਼ ਕੀਤੀ ਗਈ ਹੋਵੇ, ਪੇਡ ਨਿਊਜ਼ ਦੀ ਸ਼੍ਰੇਣੀ ਵਿੱਚ ਆਉਂਦੀਆਂ ਹਨ ਜਿਸ ਦੀ ਪ੍ਰੈਸ ਕੌਂਸਲ ਆਫ ਇੰਡੀਆ ਵੱਲੋਂ ਕੀਤੀ ਗਈ ਵਿਆਖਿਆ ਨੂੰ ਮੰਨਦੇ ਹੋਏ ਚੋਣ ਕਮਿਸ਼ਨ ਨੇ ਇਸ ਦਾ ਖਰਚਾ ਉਮੀਦਵਾਰ ਦੇ ਖਾਤੇ ਵਿੱਚ ਪਾਉਣ ਦੇ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ ।ਇਹਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਲੋਕ ਸਭਾ ਹਲਕਾ ਅੰਮ੍ਰਿਤਸਰ ਦੇ ਰਿਟਰਨਿੰਗ ਅਫ਼ਸਰ ਅਤੇ ਜਿਲ੍ਹਾ ਚੋਣ ਅਧਿਕਾਰੀ ਸ੍ਰੀ ਘਨਸ਼ਾਮ ਥੋਰੀ ਨੇ ਮੀਡੀਆ ਸਰਟੀਫਿਕੇਸ਼ਨ ਤੇ ਮਾਨੀਟਰਿੰਗ ਸੈਂਟਰ ਦਾ ਦੌਰਾ ਕਰਨ ਮੌਕੇ ਕੀਤਾ।ਉਨਾਂ ਨੇ ਦੱਸਿਆ ਕਿ ਜਿਨ੍ਹਾਂ ਅਖਬਾਰਾਂ ਵਿੱਚ ਕੁਝ ਚੁਣੀਂਦੇ ਉਮੀਦਵਾਰਾਂ ਦੀਆਂ ਗਿਣੀ-ਮਿੱਥੀ ਥਾਂ ਦੇ ਕੇ ਉਹਨਾਂ ਦੀ ਪ੍ਰਮੋਸ਼ਨ ਕੀਤੀ ਜਾਵੇਗੀ ਤਾਂ ਉਸਨੂੰ ਪੇਡ ਨਿਊਜ਼ ਮੰਨਿਆ ਜਾਵੇਗਾ ਉਹਨਾਂ ਕਿਹਾ ਕਿ ਅਜਿਹੀਆਂ ਖ਼ਬਰਾਂ ਦਾ ਉਸ ਅਖ਼ਬਾਰ ਦੇ ਇਸ਼ਿਤਹਾਰ ਦੇ ਰੇਟ ਅਨੁਸਾਰ ਖ਼ਰਚਾ ਬੁੱਕ ਕਰਕੇ ਉਮੀਦਵਾਰ ਦੇ ਖਾਤੇ ਵਿੱਚ ਪਾਇਆ ਜਾਵੇਗਾ ।ਸਮੂਹ ਪ੍ਰਿੰਟ ਅਤੇ ਇਲੈਕਟਰੋਨਿਕ ਮੀਡੀਆ ਦੇ ਨੁਮਾਇੰਦਿਆਂ ਨੂੰ ਮੁਖਾਤਿਬ ਹੁੰਦਿਆਂ ਉਹਨਾਂ ਕਿਹਾ ਕਿ ਅਜਿਹੀਆਂ ਖਬਰਾਂ ਛਾਪਣ ਤੋਂ ਗੁਰੇਜ ਕੀਤਾ ਜਾਵੇ ।ਇਸ ਸਬੰਧੀ ਇਲੈਕਸ਼ਨ ਕਮਿਸ਼ਨ ਨੇ ਰੀਪ੍ਰਜੈਂਟੇਸ਼ਨ ਆਫ ਪੀਪਲ ਐਕਟ 1951 ਵਿੱਚ ਤਰਮੀਮ ਕਰਕੇ ਦੋ ਸਾਲ ਦੀ ਸਜ਼ਾ ਦੇ ਪ੍ਰਾਵਧਾਨ ਦੀ ਤਜਵੀਜ ਵੀ ਰੱਖੀ ਹੈ । ਉਹਨਾਂ ਦੱਸਿਆ ਕਿ ਅਖਬਾਰਾਂ, ਟੈਲੀਵਿਜ਼ਨ ਅਤੇ ਸੋਸ਼ਲ ਮੀਡੀਆ ਵਿੱਚ ਨਸ਼ਰ ਹੋ ਰਹੀਆਂ ਖ਼ਬਰਾਂ ਦੀ ਲਗਾਤਾਰ ਨਜ਼ਰਸਾਨੀ ਲਈ ਜ਼ਿਲ੍ਹਾ ਪੱਧਰੀ ਐਮ.ਸੀ.ਐਮ.ਸੀ (ਮੀਡੀਆ ਸਰਟੀਫਿਕੇਸਨ ਐਂਡ ਮੋਨੀਟਰਿੰਗ ਕਮੇਟੀ) ਗਠਿਤ ਕੀਤੀ ਗਈ ਹੈ, ਜੋ ਕਿ ਸਾਰੇ ਮੀਡੀਆ ਉਤੇ ਨਜ਼ਰ ਰੱਖ ਰਹੀ ਹੈ ।ਇਹ ਕਮੇਟੀ ਪੇਡ ਨਿਊਜ਼ ਅਤੇ ਮਾਡਲ ਕੋਡ ਆਫ ਕੰਡਕਟ ਦੀ ਉਲੰਘਨਾ ਕਰਨ ਵਾਲੀਆਂ ਖਬਰਾਂ ਸਬੰਧੀ ਉਮੀਦਵਾਰ ਨੂੰ ਨੋਟਿਸ ਜਾਰੀ ਕਰਨ ਲਈ ਪਾਬੰਦ ਹੈ ।ਜ਼ਿਲਾ ਪੱਧਰੀ ਐਮ.ਸੀ.ਐਮ.ਸੀ ਦੇ ਪੇਡ ਨਿਊਜ਼ ਸਬੰਧੀ ਲਏ ਫ਼ੈਸਲੇ ਖਿਲਾਫ ਉਮੀਦਵਾਰ 48 ਘੰਟੇ ਵਿੱਚ ਸਟੇਟ ਲੈਵਲ ਐਮ.ਸੀ.ਐਮ.ਸੀ ਵਿਖੇ ਅਪੀਲ ਕਰ ਸਕਦਾ ਹੈ ਅਤੇ ਸਟੇਟ ਲੈਵਲ ਐਮ.ਸੀ.ਐਮ.ਸੀ ਖਿਲਾਫ ਮੁੱਖ ਚੋਣ ਕਮਿਸ਼ਨ ਤੱਕ ਜਾ ਸਕਦਾ ਹੈ, ਜਿਸ ਦਾ ਫੈਸਲਾ ਅੰਤਿਮ ਹੋਵੇਗਾ।

ਵਿਰੋਧੀ ਧਿਰ ਨੇਤਾ ਪ੍ਰਤਾਪ ਸਿੰਘ ਬਾਜਵਾ ਅਚਾਨਕ ਪੁੱਜੇ ਤਲਵੰਡੀ ਸਾਬੋ

# ਬਠਿੰਡਾ ਤੋਂ ਕਾਂਗਰਸ ਦੀ ਜਿੱਤ ਦਾ ਕੀਤਾ ਦਾਅਵਾ



ਤਲਵੰਡੀ ਸਾਬੋ, 21 ਮਈ (ਗੁਰਜੰਟ ਸਿੰਘ ਨਥੇਹਾ)– ਲੋਕ ਸਭਾ ਹਲਕਾ ਬਠਿੰਡਾ 'ਚ ਕਾਂਗਰਸ ਪਾਰਟੀ ਦੇ ਉਮੀਦਵਾਰ ਜੀਤਮਹਿੰਦਰ ਸਿੰਘ ਸਿੱਧੂ ਦੇ ਹੱਕ ਚ ਚੋਣ ਜਨਸਭਾਵਾਂ ਨੂੰ ਸੰਬੋਧਨ ਕਰਨ ਲਈ ਕਈ ਇਲਾਕਿਆਂ ਦੇ ਦੌਰੇ 'ਤੇ ਆਏ ਹੋਏ ਸੀਨੀਅਰ ਕਾਂਗਰਸੀ ਆਗੂ ਅਤੇ ਪੰਜਾਬ ਵਿਧਾਨ ਸਭਾ ਚ ਵਿਰੋਧੀ ਧਿਰ ਨੇਤਾ ਪ੍ਰਤਾਪ ਸਿੰਘ ਬਾਜਵਾ ਅੱਜ ਬਾਅਦ ਦੁਪਿਹਰ ਅਚਾਨਕ ਇਲਾਕੇ ਦੀ ਧਾਰਿਮਕ ਸਖਸ਼ੀਅਤ ਅਤੇ ਗੁ: ਬੁੰਗਾ ਮਸਤੂਆਣਾ ਦੇ ਮੁਖੀ ਬਾਬਾ ਕਾਕਾ ਸਿੰਘ ਦੀ ਰਿਹਾਇਸ਼ ਵਿਖੇ ਪੁੱਜੇ। ਸੂਤਰਾਂ ਮੁਤਾਬਿਕ ਅਚਨਚੇਤ ਬਣੇ ਇਸ ਪ੍ਰੋਗਰਾਮ ਦੌਰਾਨ ਪ੍ਰਤਾਪ ਸਿੰਘ ਬਾਜਵਾ ਨੇ ਬਾਬਾ ਕਾਕਾ ਸਿੰਘ ਨਾਲ ਮੁਲਾਕਾਤ ਕੀਤੀ। ਦੌਰੇ ਦਾ ਪਤਾ ਲੱਗਿਦਆਂ ਮੌਕੇ ਤੇ ਪੁੱਜੇ ਕਾਂਗਰਸੀ ਆਗੂਆਂ ਅਤੇ ਵਰਕਰਾਂ ਨਾਲ ਵੀ ਬਾਜਵਾ ਨੇ ਗੱਲਬਾਤ ਕਰਿਦਆਂ ਖਿੱਤੇ ਦੇ ਰਾਜਸੀ ਹਾਲਾਤਾਂ ਬਾਰੇ ਜਾਣਕਾਰੀ ਹਾਸਿਲ ਕੀਤੀ ਇਸ ਮੌਕੇ ਪੁੱਜੇ ਚੋਣਵੇਂ ਪੱਤਰਕਾਰਾਂ ਨਾਲ ਗੱਲ ਕਰਦਿਆਂ ਬਾਜਵਾ ਨੇ ਕਿਹਾ ਕਿ ਉਹ ਬੁੰਗਾ ਮਸਤੂਆਣਾ ਸਾਹਿਬ ਅਕਸਰ ਆਉਂਦੇ ਰਹਿੰਦੇ ਹਨ ਅਤੇ ਬਾਬਾ ਕਾਕਾ ਸਿੰਘ ਨੂੰ ਮਿਲਣ ਲਈ ਹੀ ਵਿਸ਼ੇਸ ਤੌਰ 'ਤੇ ਪੁੱਜੇ ਹਨ ਇੱਕ ਸਵਾਲ ਦੇ ਜਵਾਬ ਵਿੱਚ ਉਨਾਂ ਕਿਹਾ ਕਿ ਇਸ ਵਾਰ ਲੋਕ ਸਭਾ ਹਲਕਾ ਬਠਿੰਡਾ ਦੇ ਲੋਕ ਇਤਿਹਾਸ ਸਿਰਜਣਗੇ ਅਤੇ ਇੱਕ ਪਰਿਵਾਰ ਵਿਸ਼ੇਸ ਦੀ ਜਗ੍ਹਾ ਲੋਕਾਂ ਦੇ ਹਰ ਸੁਖ ਦੁਖ ਚ ਕੰਮ ਆਉਣ ਵਾਲੇ ਮਿਹਨਤੀ ਅਤੇ ਬੇਦਾਗ ਆਗੂ ਜੀਤਮਹਿੰਦਰ ਸਿੰਘ ਸਿੱਧੂ ਦੇ ਹੱਕ ਵਿੱਚ ਆਪਣਾ ਫਤਵਾ ਦੇਣਗੇ। ਉਨਾਂ ਇਹ ਵੀ ਦਾਅਵਾ ਕੀਤਾ ਕਿ ਸਮੁੱਚੇ ਪੰਜਾਬ ਵਿੱਚ ਵੀ ਕਾਂਗਰਸ ਪਾਰਟੀ ਸ਼ਾਨਦਾਰ ਪ੍ਰਦਰਸ਼ਨ ਕਰੇਗੀ। ਇਸ ਮੌਕੇ ਉਨਾਂ ਨਾਲ ਬਠਿੰਡਾ ਲੋਕ ਸਭਾ ਤੋਂ ਕਾਂਗਰਸੀ ਉਮੀਦਵਾਰ ਜੀਤਮਹਿੰਦਰ ਸਿੰਘ ਸਿੱਧੂ, ਗੁਰਜੰਟ ਸਿੰਘ ਕੁੱਤੀਵਾਲ ਸਾਬਕਾ ਵਿਧਾਇਕ, ਪਵੀਤ ਸਿੰਘ ਸਿੱਧੂ, ਸੀ. ਕਾਂਗਰਸੀ ਆਗੂ ਸੁਖਬੀਰ ਸਿੰਘ ਚੱਠਾ, ਭਾਗ ਸਿੰਘ ਕਾਕਾ ਗੁਰੂਸਰ, ਯੂਥ ਕਾਂਗਰਸ ਬੁਲਾਰਾ ਨਵਦੀਪ ਸਿੰਘ ਗੋਲਡੀ ਗਿੱਲ, ਜਸਕਰਨ ਸਿੰਘ ਗੁਰੂਸਰ ਸਾਬਕਾ ਪ੍ਰਧਾਨ ਟਰੱਕ ਯੂਨੀਅਨ, ਜਗਦੇਵ ਸਿੰਘ ਜੱਜਲ ਮੈਂਬਰ ਬਲਾਕ ਸੰਮਤੀ,ਖੁਸ਼ੀ ਗਿੱਲ ਆਗੂ ਐੱਨ.ਐੱਸ.ਯੂ.ਆਈ, ਕੁਲਦੀਪ ਸਿੰਘ,ਦਰਸ਼ਨ ਗਿੱਲ, ਕ੍ਰਿਸ਼ਨ ਯਾਦਵ, ਕਾਲਾ ਬੰਗੇਹਰ ਆਦਿ ਆਗੂ ਮੌਜੂਦ ਸਨ।

# ਪੱਤਰਕਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਵੇ ਸੂਬਾ ਸਰਕਾਰ




ਅੰਮ੍ਰਿਤਸਰ 21 ਮਈ (ਕੁਲਵੰਤ ਸਿੰਘ ਵਿਰਦੀ) ਪ੍ਰੈਸ ਸੰਘਰਸ਼ ਜਰਨਲਿਸਟਸ ਐਸੋ ਰਜਿ ਦੀ ਅਹਿਮ ਮੀਟਿੰਗ ਆਲ ਇੰਡੀਆ ਪ੍ਰਧਾਨ ਸੰਜੀਵ ਪੁੰਜ ਦੀ ਰਹਿਨੁਮਾਈ ਹੇਠ ਹੋਈ। ਜਿਸਦੀ ਪ੍ਰਧਾਨਗੀ ਸੁਮੀਤ ਕੰਬੋਜ ਅੰਮ੍ਰਿਤਸਰ ਸ਼ਹਿਰੀ ਪ੍ਰਧਾਨ ਨੇ ਕੀਤੀ,ਮੀਟਿੰਗ ਦਾ ਏਜੰਡਾ ਚੋਣ ਪ੍ਰਚਾਰਾਂ ਦੀ ਕਵਰੇਜ ਦੌਰਾਨ ਪੱਤਰਕਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਸਬੰਧੀ ਰਿਹਾ। ਸੁਮੀਤ ਕੰਬੋਜ ਨੇ ਕਿਹਾ ਕਿ ਕਾਂਗਰਸ ਦੀ ਰੈਲੀ ਉਤੇ ਹਮਲੇ ਦੌਰਾਨ ਗੋਲੀਬਾਰੀ ਹੋਣਾ ਇਕ ਚਿੰਤਾ ਦਾ ਵਿਸ਼ਾ ਹੈ। ਪ੍ਰੈਸ ਸੰਘਰਸ਼ ਜਰਨਲਿਸਟਸ ਐਸੋ ਦੇ ਸਰਪ੍ਰਸਤ ਇੰਦਰਜੀਤ ਅਰੋੜਾ ਨੇ ਕਿਹਾ ਕਿ ਚੋਣ ਜਾਪਤੇ ਸਮੇਂ ਗੈਰ ਕਨੂੰਨੀ ਹਥਿਆਰ ਸ੍ਰਵਜਾਨਿਅਕ ਹੋਣਾ ਖਤਰੇ ਦੀ ਘੰਟੀ ਵੱਲ ਇਸ਼ਾਰਾ ਕਰਦੇ ਹਨ। ਇੰਦਰਜੀਤ ਅਰੋੜਾ ਨੇ ਕਿਹਾ ਕਿ ਅਸਲਾ ਲਾਇਸੰਸ ਧਾਰਕਾਂ ਦੇ ਹਥਿਆਰ ਪੁਲਿਸ ਨੇ ਜਮਾਂ ਕਰਵਾ ਲਏ ਹਨ ।ਮਗਰ ਦੂਜੇ ਪਾਸੇ ਗੈਂਗਸਟਰ ਗੈਰ ਕਨੂੰਨੀ ਹਥਿਆਰਾਂ ਨਾਲ ਦਿਨ ਦਿਹਾੜੇ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ। ਜੋ ਇਕ ਚਿੰਤਾ ਦਾ ਵਿਸ਼ਾ ਹਨ। ਸੰਗਠਨ ਦੇ ਰਾਸ਼ਟਰੀ ਪ੍ਰਧਾਨ ਸੰਜੀਵ ਪੁੰਜ ਨੇ ਚੋਣ ਕਮਿਸ਼ਨਰ ਅਤੇ ਡੀ ਜੀ ਪੀ ਪੰਜਾਬ ਨੂੰ ਪਤਰਕਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ। ਇਸ ਮੌਕੇ ਪ੍ਰਦੀਪ ਗੋਇਲ,ਗੁਰਮੀਤ ਸੂਰੀ,ਹਰਜੀਤ ਸਿੰਘ, ਸੰਜੇ ਕਪੂਰ,ਸੁਨੀਲ ਗੁਪਤਾ,ਹਰਸ਼ ਪੁੰਜ,ਹਰਨੀਤ ਸਿੰਘ,ਅਵਤਾਰ ਸਿੰਘ,ਕੁਨਾਲ ਖੰਨਾ,ਸਾਜਨ,ਮਨੀ,ਗੌਰਵ,ਵਿਪਨ ਬਲੱਗਣ,ਮੋਨੂੰ,ਕਰਨ ਕਪੂਰ ਆਦਿ ਮਜੂਦ ਸਨ।

# ਕੈਬਨਿਟ ਮੰਤਰੀ ਈਟੀਓ ਹਰਭਜਨ ਸਿੰਘ ਨੇ ਬਾਬਾ ਜਗਤਾਰ ਸਿੰਘ ਸੈਦਪੁਰ ਵਾਲਿਆ ਨਾਲ ਡੇਰਾ ਨਾਥ ਦੀ ਖੂਹੀ ਵਿਖੇ ਕੀਤੀ ਵਿਸ਼ੇਸ਼ ਮੁਲਾਕਾਤ



ਚੌਕ ਮਹਿਤਾ,21 ਮਈ(ਬਾਬਾ ਸੁਖਵੰਤ ਸਿੰਘ ਚੰਨਣਕੇ)—ਵਿਧਾਨ ਸਭਾ ਚੋਣਾ ਨੂੰ ਮੱਦੇਨਜ਼ਰ ਰੱਖਦੇ ਹੋਏ ਚੋਣ ਪ੍ਰਚਾਰ ਦਾ ਸਿਖਰ ਹੋ ਰਿਹਾ ਹੈ, ਜਿਓ-ਜਿਓ ਚੋਣਾ ਦੇ ਦਿਨ ਨੇੜੇ ਆ ਰਹੇ ਹਨ ਚੋਣ ਮੈਦਾਨ ਅੰਦਰ ਸਮੁੱਚੀਆ ਪਾਰਟੀ ਜਿੱਤ ਪ੍ਰਾਪਤ ਕਰਨ ਲਈ ਪੱਬਾ ਭਾਰ ਹੋਈਆ ਹਨ। ਵਿਧਾਨ ਸਭਾ ਖਡੂਰ ਸਹਿਬ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਟਰਾਸ਼ਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਹੱਕ ਵਿੱਚ ਹਲਕਾ ਜੰਡਿਆਲਾ ਗੁਰੂ ਦੇ ਵਿਧਾਇਕ ਕੈਬਨਿਟ ਮੰਤਰੀ ਈਟੀਓ ਹਰਭਜਨ ਸਿੰਘ ਤੇ ਉਹਨ੍ਹਾਂ ਦੀ ਸਮੁੱਚੀ ਟੀਮ ਪੂਰੀ ਤਨਦੇਹੀ ਨਾਲ ਹਰੇਕ ਪਿੰਡ ਅਤੇ ਹਰੇਕ ਵੋਟਰਾਂ ਤੱਕ ਪਹੁੰਚ ਕਰਕੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਲਾਲਜੀਤ ਸਿੰਘ ਭੁੱਲਰ ਨੂੰ ਚੋਣ ਨਿਸ਼ਾਨ ਝਾੜੂ ਤੇ ਵੋਟਾਂ ਪਾਓਣ ਦੀ ਅਪੀਲ ਕਰਦੇ ਨਜ਼ਰ ਆ ਰਹੇ ਹਨ। ਜਿਸ ਤਹਿਤ ਰਾਧਾ ਸੁਆਮੀ ਡੇਰਾ ਸੈਦਪੁਰ ਵਾਲਿਆ ਦੇ ਡੇਰਾ ਨਾਥ ਦੀ ਖੂਹੀ "ਤੇਜ਼ ਰਸੀਲਾ ਭਗਤ ਪਿਆਰਾ ਇੰਨਕਲੇਵ" ਵਿਖੇ ਈਟੀਓ ਹਰਭਜਨ ਸਿੰਘ ਨੇ ਵਿਸ਼ੇਸ ਤੋਰ ਤੇ ਸਿਰਕਤ ਕੀਤੀ ਅਤੇ ਬਾਬਾ ਜਗਤਾਰ ਸਿੰਘ ਜੀ ਤੋਂ ਅਸੀਰਵਾਦ ਲਿਆ। ਜਿਥੇ ਬਾਬਾ ਜਗਤਾਰ ਸਿੰਘ ਵੱਲੋਂ ਕੈਬਨਿਟ ਮੰਤਰੀ ਈਟੀਓ ਹਰਭਜਨ ਸਿੰਘ ਦਾ ਨਿੱਘਾ ਸਵਾਗਤ ਕਰਦਿਆ ਸਿਰਪਾਓ ਭੇਂਟ ਕੀਤਾ,ਉਥੇ ਵੱਡੀ ਗਿਣਤੀ ਵਿੱਚ ਹਾਜ਼ਰ ਡੇਰੇ ਦੀਆ ਸੰਗਤਾ ਨਾਲ ਵੀ ਵਿਚਾਰ ਵਟਾਦਰਾਂ ਕੀਤਾ ਗਿਆ ।ਚੋਣਵੇ ਪੱਤਰਕਾਰਾ ਨਾਲ ਗੱਲਬਾਤ ਕਰਦਿਆ ਈਟੀਓ ਹਰਭਜ਼ਨ ਸਿੰਘ ਨੇ ਸਮੂਹ ਵੋਟਰਾਂ ਨੂੰ ਵੋਟਾਂ ਪਾਓਣ ਦੀ ਅਪੀਲ ਕਰਦਿਆ ਕਿਹਾ ਕਿ ਸਰਕਾਰ ਬਣੀ ਨੂੰ ਤਕਰੀਬਨ ਦੋ ਸਾਲ ਹੋਏ ਹਨ ਤੇ ਪੰਜਾਬ ਦੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਦੀ ਅਗਵਾਈ ਹੇਠ ਸਰਕਾਰ ਵਧੀਆ ਕੰਮ ਕਰ ਰਹੀ ਹੈ ਆਓਦੇ ਤਿੰਨ ਸਾਲਾ ਵਿੱਚ ਵੀ ਵਧੀਆ ਕਾਰਜਗੁਜਾਰੀ ਨਿਭਾਏਗੀ ਅਤੇ ਲੋਕਾਂ ਨੂੰ ਕੀਤੇ ਹੋਏ ਵਾਅਦੇ ਪੂਰੇ ਕਰ ਰਹੀ ਹੈ ਬਾਕੀ ਰਹਿੰਦੇ ਜਲਦ ਪੂਰੇ ਕੀਤੇ ਜਾਣਗੇ ।ਇਸ ਮੋਕੇ ਉਹਨ੍ਹਾਂ ਨਾਲ ਮਾਰਕੀਟ ਕਮੇਟੀ ਮਹਿਤਾ ਦੇ ਚੇਅਰਮੈਂਨ ਗੁਰਿੰਦਰ ਸਿੰਘ ਖੱਬੇਰਾਜਪੂਤਾ,ਅਜ਼ੇ ਗਾਂਧੀ,ਸਤਨਾਮ ਜੱਜ ਤਨੇਲ,ਸੁਖਜੀਤ ਸਿੰਘ ਰਾਜੂ,ਬਲਜੀਤ ਸਿੰਘ ਉਦੋਨੰਗਲ, ਜਰਮਨਜੀਤ ਸਿੰਘ ਉਦੋਨੰਗਲ, ਗੁਰਜਿੰਦਰ ਸਿੰਘ ਘੁਹਾਟਵਿੰਡ,ਰਸਪਾਲ ਸਿੰਘ ਨੂਰੀ,ਗੁਰਦਿਆਲ ਸਿੰਘ ਮਹਿਸਮਪੁਰ,ਸੁੱਖ ਮਹਿਸਮਪੁਰ,ਅਵਤਾਰ ਸਿੰਘ ਸੈਦਪੁਰ ਆਦਿ ਹਾਜ਼ਰ ਸਨ

## ਗੁਰਬਾਜ਼ ਸਿੰਘ ਸਿੱਧੂ ਨੇ ਤਲਵੰਡੀ ਸਾਬੋ 'ਚ ਆਪਣੇ ਪਿਤਾ ਦੇ ਲਈ ਡੋਰ ਟੂ ਡੋਰ ਜਾ ਕੇ ਮੰਗੀਆਂ ਵੋਟਾਂ




ਤਲਵੰਡੀ ਸਾਬੋ, 21 ਮਈ (ਗੁਰਜੰਟ ਸਿੰਘ ਨਥੇਹਾ)– ਲੋਕ ਸਭਾ ਹਲਕਾ ਬਠਿੰਡਾ ਤੋਂ ਕਾਂਗਰਸ ਦੇ ਉਮੀਦਵਾਰ ਜੀਤਮਹਿੰਦਰ ਸਿੰਘ ਸਿੱਧੂ ਦੇ ਹੱਕ ਵਿੱਚ ਪਿਛਲੇ ਦਿਨਾਂ ਤੋਂ ਜ਼ੋਰਦਾਰ ਚੋਣ ਮੁਹਿੰਮ ਚਲਾ ਰਹੇ ਉਨਾਂ ਦੇ ਸਪੁੱਤਰ ਅਤੇ ਨੌਜਵਾਨ ਆਗੂ ਗੁਰਬਾਜ਼ ਸਿੰਘ ਸਿੱਧੂ ਨੇ ਅੱਜ ਇਤਿਹਾਸਿਕ ਨਗਰ ਤਲਵੰਡੀ ਸਾਬੋ 'ਚ ਡੋਰ ਟੂ ਡੋਰ ਜਾ ਕੇ ਆਪਣੇ ਪਿਤਾ ਲਈ ਵੋਟਾਂ ਮੰਗੀਆਂ। ਅੱਜ ਸਵੇਰ ਤੋਂ ਹੀ ਵੱਡੀ ਗਿਣਤੀ ਕਾਂਗਰਸੀ ਆਗੂਆਂ ਅਤੇ ਵਰਕਰਾਂ ਨਾਲ ਤਲਵੰਡੀ ਸਾਬੋ ਦੇ ਦੁਕਾਨਦਾਰਾਂ ਪਾਸ ਜਾ ਕੇ ਗੁਰਬਾਜ਼ ਸਿੰਘ ਸਿੱਧੂ ਨੇ ਆਪਣੇ ਪਿਤਾ ਜੀਤਮਹਿੰਦਰ ਸਿੰਘ ਸਿੱਧੂ ਦੇ ਕਾਰਜਕਾਲ ਸਮੇਂ ਨਗਰ ਦੇ ਹੋਏ ਵਿਕਾਸ ਦੇ ਨਾਂ ਤੇ ਵੋਟਾਂ ਮੰਗੀਆਂ ।ਦੌਰੇ ਉਪਰੰਤ ਪੱਤਰਕਾਰਾਂ ਨਾਲ ਗੱਲ ਕਰਦਿਆਂ ਗੁਰਬਾਜ਼ ਸਿੰਘ ਸਿੱਧੂ ਨੇ ਕਿਹਾ ਕਿ ਉਨਾਂ ਦੇ ਪਿਤਾ ਜੀਤਮਹਿੰਦਰ ਸਿੰਘ ਸਿੱਧੂ ਨੇ ਜਿੱਥੇ 2002 ਚ ਤਤਕਾਲੀ ਕਾਂਗਰਸ ਸਰਕਾਰ ਸਮੇਂ ਸ਼ਹਿਰ ਦੇ ਲੋਕਾਂ ਲਈ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨ ਦੇ ਮਕਸਦ ਨਾਲ ਉਰੂਗਾਏ ਦੇਸ਼ ਵੱਲੋਂ ਪੰਜਾਬ ਚ ਲਾਏ ਜਾਣ ਵਾਲੇ ਵਾਟਰ ਟਰੀਟਮੈਂਟ ਪਲਾਟ ਨੂੰ ਤਲਵੰਡੀ ਸਾਬੋ ਲਿਆ ਕੇ ਲਵਾਇਆ ਉੱਥੇ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਤੋਂ ਇਤਿਹਾਸਿਕ ਨਗਰ ਲਈ 100 ਕਰੋੜ ਦੇ ਲੱਗਪੱਗ ਰਕਮ ਪਾਸ ਕਰਵਾਈ ਜਿਸ ਨਾਲ ਨਗਰ ਵਿੱਚ ਲੋੜੀਂਦੇ ਵਿਕਾਸ ਕਾਰਜ ਹੋ ਸਕੇ। ਉਨਾਂ ਕਿਹਾ ਕਿ ਉਨਾਂ ਦੇ ਪਿਤਾ ਨੇ ਬੇਦਾਗ ਰਹਿ ਕੇ ਹਲਕੇ ਦੇ ਲੋਕਾਂ ਦੀ ਸੇਵਾ ਕੀਤੀ ਅਤੇ ਉਹ ਲੋਕਾਂ ਕੋਲ ਇਹੀ ਏਜੰਡਾ ਲੈ ਕੇ ਜਾ ਰਹੇ ਨੇ ਕਿ ਉਹ ਸਿੱਧੂ ਨੂੰ ਵੋਟ ਪਾਉਣਗੇ ਜੋ ਪਿਛਲੇ ਤੀਹ ਵਰ੍ਹਿਆਂ ਤੋਂ ਉਨਾਂ ਦੇ ਹਰੇਕ ਸੁਖ ਦੁਖ 'ਚ ਸ਼ਾਮਿਲ ਹੁੰਦੇ ਰਹੇ ਹਨ ਜਾਂ ਉਸਨੂੰ ਜਿਸਨੇ ਕਦੇ ਕਿਸੇ ਹਲਕਾ ਵਾਸੀ ਦੇ ਦੁਖ 'ਚ ਸ਼ਰੀਕ ਹੋਣਾ ਵੀ ਜਾਇਜ਼ ਨਹੀ ਸਮਝਿਆ ਵਿਆਹ ਸ਼ਾਦੀ 'ਚ ਆਉਣਾ ਤਾਂ ਦੂਰ।

ਉਨਾਂ ਦਾਅਵਾ ਕੀਤਾ ਕਿ ਲੋਕਾਂ ਦੇ ਮਿਲ ਰਹੇ ਸਮੱਰਥਨ ਦੇ ਚਲਦਿਆਂ ਕਾਂਗਰਸ ਵੱਡੀ ਲੀਡ ਨਾਲ ਬਠਿੰਡਾ ਹਲਕੇ ਤੋਂ ਜਿੱਤ ਪ੍ਰਾਪਤ ਕਰੇਗੀ। ਇਸ ਮੌਕੇ ਉਨਾਂ ਨਾਲ ਸੀ. ਕਾਂਗਰਸੀ ਆਗੂ ਸੁਖਬੀਰ ਸਿੰਘ ਚੱਠਾ, ਹਰਬੰਸ ਸਿੰਘ ਸਾਬਕਾ ਕਾ. ਪ੍ਰਧਾਨ ਨਗਰ ਕੌਂਸਲ, ਅਮਰਜੀਤ ਸਿੰਘ ਨਵਾਂ ਪਿੰਡ, ਤੇਜ ਰਾਮ ਸ਼ਰਮਾਂ, ਮਨਜੀਤ ਲਾਲੇਆਣਾ, ਜਸਪਾਲ ਪਾਲਾ ਬੰਗੀ, ਨਵਦੀਪ ਸਿੰਘ ਗੋਲਡੀ ਗਿੱਲ, ਰਾਜੀਵ ਲੱਕੀ ਸ਼ਹਿਰੀ ਪ੍ਰਧਾਨ,ਲੀਲਾ ਸਿੰਘ,ਦਵਿੰਦਰ ਸਿੰਘ ਸੂਬਾ,ਗੋਰਾ ਸਰਾਂ,ਖੁਸ਼ੀ ਗਿੱਲ, ਦਰਸ਼ਨ ਗਿੱਲ, ਕੁਲਦੀਪ ਰਾਇਲ, ਦ੍ਰੋਪਦੀ ਕੌਰ, ਮਨੀ ਗਿੱਲ ਆਦਿ ਕਾਂਗਰਸੀ ਆਗੂ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਇੰਗਲੈਂਡ ਦੇ ਸ਼ਹਿਰ ਬਰਮਿੰਘਮ ਤੇ ਸੈਂਡਵਲ ਦੇ ਗੁਰਦੁਆਰਿਆਂ ਵੱਲੋਂ

# ਸਜਾਏ ਗਏ ਨਗਰ ਕੀਰਤਨ ਦੀਆਂ ਝਲਕੀਆਂ




19 ਮਈ ਦਿਨ ਐਤਵਾਰ ਨੂੰ ਬ੍ਰਮਿੰਘਮ ਵਿਖੇ ਇਕ ਵਿਸ਼ਾਲ ਨਗਰ ਕੀਰਤਨ ਕੱਢਿਆ ਗਿਆ ਇਹ ਨਗਰ ਕੀਰਤਨ ਗੁਰਦੁਆਰਾ ਬਾਬੇ ਕੇ ਤੋਂ ਸ਼ੁਰੂ ਹੋ ਕੇ ਗੁਰਦੁਆਰਾ ਬਾਬਾ ਦੀਪ ਸਿੰਘ ਅਤੇ ਗੁਰੂ ਨਾਨਕ ਗੁਰਦੁਆਰਾ ਹਾਈ ਸਟਰੀਟ ਸਮੈਦਿਕ ਤੋਂ ਹੁੰਦਾ ਹੋਇਆ ਗੁਰਦੁਆਰਾ ਬਾਬਾ ਸੰਗ ਵਿਖੇ ਪਹੁੰਚਿਆ ਜਿੱਥੇ ਅਰਦਾਸ ਤੋਂ ਬਾਅਦ ਸਮਾਪਤੀ ਕੀਤੀ ਗਈ ਨਗਰ ਕੀਰਤਨ ਦੇ ਵਿੱਚਹਜ਼ਾਰਾਂ ਹੀ ਸੰਗਤਾਂ ਨੇ ਭਾਗ ਲਿਆ ।ਨਗਰ ਕੀਰਤਨ ਦਾ ਪ੍ਰਬੰਧ ਦੇ ਸਮੁੱਚੇ ਗੁਰਦੁਆਰਾ ਸਾਹਿਬਾਨਾ ਦੇ ਸੁਚੱਜੇ ਪ੍ਰਬੰਧ ਹੇਠ ਕੀਤਾ ਗਿਆ ਸੀ। ਖਾਲਸੇ ਦੇ ਸਾਜਨਾ ਦਿਵਸ ਦੀ ਖੁਸ਼ੀ ਵਿੱਚ ਤੇ ਵਿਸਾਖੀ ਦੀ ਖੁਸ਼ੀ ਦੇ ਵਿੱਚ ਜੈਕਾਰੇ ਛੱਡੇ ਗਏ ਖੁਸ਼ੀਆਂ ਦੇ ਨਗਾਰੇ ਵਜਾਏ ਗਏ ਅਤੇ ਨੌਜਵਾਨ ਬੱਚੇ ਬੱਚੀਆਂ ਵੱਲੋਂ ਗਤਕੇ ਜੋਹਰ ਦਿਖਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗੁਰੂ ਘਰ ਆ ਕੇ ਦੀਵਾਨ ਸਜਾਏ ਗਏ ਦੀਵਾਨ ਦੇ ਵਿੱਚ ਕੀਰਤਨੀ ਜਥੇ ਅਤੇ ਢਾਡੀ ਜਥਿਆਂ ਨੇ ਸੰਗਤਾਂ ਨੂੰ ਨਿਹਾਲ ਕੀਤਾ ਤੇ ਗੁਰੂ ਘਰ ਦੇ ਪ੍ਰਬੰਧਕਾਂ ਨੇ ਆਈਆਂ ਸੰਗਤਾਂ ਦਾ ਅਤੇ ਜਥਿਆਂ ਅਤੇ ਨਗਰ ਕੀਰਤਨ ਵਿੱਚ ਸੇਵਾਵਾਂ ਦੇ ਵਿੱਚ ਸੇਵਾਵਾਂ ਕਰਨ ਵਾਲਿਆਂ ਦਾ ਹਾਰਦਿਕ ਧੰਨਵਾਦ ਕੀਤਾ। (ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

### ਤਰਨਜੀਤ ਸਿੰਘ ਸੰਧੂ ਦੀ ਆਵਾਜ਼ ਦਿੱਲੀ ਹੀ ਨਹੀਂ ਪੂਰੀ ਦੁਨੀਆ ਸੁਣਦੀ ਹੈ- ਸਾਬਕਾ ਮੁੱਖ ਮੰਤਰੀ ਵਿਜੇ ਰੁਪਾਨੀ

# ਅੰਮ੍ਰਿਤਸਰ ਲਈ ਜਲਦ ਐਕਸ਼ਨ ਪਲਾਨ ਦਾ ਐਲਾਨ ਕਰਾਂਗੇ-ਸੰਧੂ ਸਮੁੰਦਰੀ

ਅੰਮ੍ਰਿਤਸਰ 21 ਮਈ (ਆਵਾਜ਼ਿ ਕੌਮ ਬਿਊਰੋ) ਪੰਜਾਬ ਭਾਜਪਾ ਦੇ ਇੰਚਾਰਜ ਅਤੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੁਪਾਨੀ ਨੇ ਕਿਹਾ ਕਿ ਭਾਜਪਾ ਨੂੰ ਦੇਸ਼ ਭਰ ਵਿੱਚ ਭਰਪੂਰ ਸਮਰਥਨ ਮਿਲ ਰਿਹਾ ਹੈ। ਮੋਦੀ ਭਾਰੀ ਬਹੁਮਤ ਨਾਲ ਤੀਜੀ ਵਾਰ ਪ੍ਰਧਾਨ ਮੰਤਰੀ ਬਣ ਰਹੇ ਹਨ। ਉਨ੍ਹਾਂ ਅੰਮ੍ਰਿਤਸਰ ਤੋਂ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੂੰ ਭਾਰੀ ਵੋਟਾਂ ਨਾਲ ਜਿਤਾ ਕੇ ਭਾਜਪਾ ਦੀ ਜਿੱਤ ਦਾ ਸਮਰਥਨ ਕਰਨ ਦੀ ਅਪੀਲ ਕੀਤੀ।



ਉਹ ਅੱਜ ਹਲਕਾ ਅਜਨਾਲਾ ਵਿਖੇ ਬੋਨੀ ਅਮਰਪਾਲ ਸਿੰਘ ਅਜਨਾਲਾ ਵੱਲੋਂ ਸੰਧੂ ਸਮੁੰਦਰੀ ਦੇ ਹੱਕ ਵਿੱਚ ਕੀਤੀ ਗਈ ਰਾਮਦਾਸ ਮੰਡਲ ਦੀ ਚੋਣ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਜੇਕਰ ਲੋਕ ਚੋਣਾਂ ਵਿੱਚ ਸਹੀ ਬਟਨ ਦਬਾਉਂਦੇ ਹਨ ਤਾਂ ਅੰਮ੍ਰਿਤਸਰ ਦਾ ਵਿਕਾਸ ਜ਼ਰੂਰ ਹੋਵੇਗਾ। ਉਨ੍ਹਾਂ ਕਿਹਾ ਕਿ ਸੰਧੂ ਸਮੁੰਦਰੀ ਯੋਗ ਵਿਅਕਤੀ ਹਨ। ਰਾਜਦੂਤ ਵਜੋਂ ਭਾਰਤ ਦੀ ਚੰਗੀ ਸੇਵਾ ਕਰਨ ਵਾਲੇ ਹੁਣ ਅੰਮ੍ਰਿਤਸਰ ਦੀ ਸੇਵਾ ਕਰਨਾ ਚਾਹੁੰਦੇ ਹਨ। ਹੁਣ ਉਨ੍ਹਾਂ ਨੂੰ ਮੌਕਾ ਦੇਣਾ ਤੁਹਾਡੇ ਹੱਥ ਵਿੱਚ ਹੈ, ਮੇਰਾ ਤਜਰਬਾ ਹੈ ਕਿ ਇਲਾਕੇ ਦਾ ਐਮਪੀ ਕੋਈ ਅਜਿਹਾ ਹੋਵੇ ਜਿਸ ਦੀ ਆਵਾਜ਼ ਦਿੱਲੀ ਵਿੱਚ ਸੁਣੀ ਜਾਵੇ। ਰੁਪਾਨੀ ਨੇ ਕਿਹਾ ਕਿ ਦਿੱਲੀ ਹੀ ਨਹੀਂ ਬਲਕਿ ਪੂਰੀ ਦੁਨੀਆ ਤਰਨਜੀਤ ਸਿੰਘ ਸੰਧੂ ਨੂੰ ਸੁਣਦੀ ਅਤੇ ਮੰਨਦੀ ਹੈ। ਉਨ੍ਹਾਂ ਕਿਹਾ ਕਿ ਤਰਨਜੀਤ ਸਿੰਘ ਸੰਧੂ ਦੇ ਇੱਕ ਫੋਨ ਕਾਲ ਨਾਲ ਹੀ ਲੋਕ ਉਸ ਦਾ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇੱਕ ਸੰਸਦ ਮੈਂਬਰ ਨੂੰ ਸਿਸਟਮ ਬਾਰੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ ਤਾਂ ਜੋ ਉਹ ਸੰਕਟ ਦੇ ਸਮੇਂ ਸਿਸਟਮ ਨੂੰ ਸਹੀ ਢੰਗ ਨਾਲ ਕੰਮ ਕਰ ਸਕੇ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਹੁਣ ਪੂੰਜੀ ਨਿਵੇਸ਼ ਤੇਜ਼ੀ ਨਾਲ ਹੋ ਰਿਹਾ ਹੈ। ਇਹ ਲੋਕ ਨੁਮਾਇੰਦਿਆਂ ਦੀ ਸਮਰੱਥਾ 'ਤੇ ਨਿਰਭਰ ਕਰਦਾ ਹੈ ਕਿ ਉਹ ਆਪਣੇ ਖੇਤਰ ਵਿੱਚ ਕਿੰਨੀ ਪੂੰਜੀ ਨਿਵੇਸ਼ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਮੈਂ ਸੰਧੂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ, ਉਹ ਕਿਸੇ ਵੀ ਜ਼ਿੰਮੇਵਾਰੀ ਲਈ ਸਮਰੱਥਾ ਰੱਖਦਾ ਹੈ, ਜਿਸ ਨੂੰ ਉਹ ਬੜੀ ਸਹਿਜ ਤੇ ਮਨ ਨਾਲ ਨਿਭਾਉਂਦੇ ਹਨ। ਜੇਕਰ ਸੰਧੂ ਇੱਥੋਂ ਦੇ ਨੁਮਾਇੰਦੇ ਚੁਣੇ ਗਏ ਤਾਂ ਦਿੱਲੀ ਵੀ ਤੁਹਾਡੀ ਗੱਲ ਸੁਣੇਗੀ। ਅੰਮ੍ਰਿਤਸਰ ਵਿੱਚ ਵਿਕਾਸ ਯੋਜਨਾਵਾਂ ਆਉਣਗੀਆਂ। ਅਜਿਹੇ ਮੌਕੇ ਲਈ ਯੋਗ ਪ੍ਰਤੀਨਿਧੀ ਦੀ ਚੋਣ ਕਰਨਾ ਬਹੁਤ ਜ਼ਰੂਰੀ ਹੈ।

**ਸੰਧੂ ਸਮੁੰਦਰੀ ਨੇ ਬੋਨੀ ਅਮਰਪਾਲ ਸਿੰਘ ਅਜਨਾਲਾ ਦੀ ਅਗਵਾਈ ਹੇਠ ਰਾਮਦਾਸ ਮੰਡਲ ਦੀ ਚੋਣ ਰੈਲੀ ਨੂੰ ਸੰਬੋਧਨ ਕੀਤਾ।**

ਇਸ ਮੌਕੇ ਅੰਮ੍ਰਿਤਸਰ ਤੋਂ ਭਾਜਪਾ ਦੇ ਉਮੀਦਵਾਰ ਅਤੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਦੋ ਦਿਨਾਂ ਵਿੱਚ ਅੰਮ੍ਰਿਤਸਰ ਲਈ ਐਕਸ਼ਨ ਪਲਾਨ ਜਾਰੀ ਕਰਨ ਦਾ ਐਲਾਨ ਕੀਤਾ। ਤਰਨਜੀਤ ਸੰਧੂ ਨੇ ਕਿਹਾ ਕਿ ਵਿਰੋਧੀ ਲੋਕਾਂ ਨੇ ਸੱਤਾ 'ਚ ਰਹਿੰਦਿਆਂ ਅੰਮ੍ਰਿਤਸਰ ਲਈ ਕੁਝ ਨਹੀਂ ਕੀਤਾ, ਪਰ ਉਹ ਕਰਨਗੇ। ਉਨ੍ਹਾਂ ਮੌਜੂਦਾ ਸੰਸਦ ਮੈਂਬਰ ਗੁਰਜੀਤ ਔਜਲਾ, ਅਕਾਲੀ ਦਲ ਦੇ ਅਨਿਲ ਜੋਸ਼ੀ ਅਤੇ ਮੌਜੂਦਾ ਪੰਜਾਬ ਸਰਕਾਰ ਅਤੇ ਮੰਤਰੀ ਧਾਰੀਵਾਲ 'ਤੇ ਨਿਸ਼ਾਨਾ ਸਾਧਿਆ ਹੈ।

ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਕਿਹਾ ਕਿ ਮੌਜੂਦਾ ਸਰਕਾਰ ਨੂੰ ਸੱਤਾ ਵਿੱਚ ਆਏ ਦੋ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਪਰ ਇਨ੍ਹਾਂ ਸਾਲਾਂ ਵਿੱਚ ਸਰਕਾਰ ਨੇ ਕੁਝ ਨਹੀਂ ਕੀਤਾ। ਅਮਨ-ਕਾਨੂੰਨ, ਨਸ਼ਾਖੋਰੀ ਅਤੇ ਖ਼ਰਾਬ ਸੜਕਾਂ ਤੋਂ ਇਲਾਵਾ ਆਮ ਲੋਕਾਂ ਦੀਆਂ ਮੁਸ਼ਕਲਾਂ ਜਿਉਂ ਦੀਆਂ ਤਿਉਂ ਹਨ। ਦੋ ਵਾਰ ਦੇ ਸੰਸਦ ਮੈਂਬਰ ਗੁਰਜੀਤ ਔਜਲਾ ਦੀ ਗੱਲ ਕਰੀਏ ਤਾਂ ਉਨ੍ਹਾਂ ਨੇ ਕੁਝ ਦਿਨ ਪਹਿਲਾਂ ਇਕ ਇਸ਼ਤਿਹਾਰ ਜਾਰੀ ਕੀਤਾ ਸੀ। ਜੇਕਰ ਲੋਕ ਉਸ ਇਸ਼ਤਿਹਾਰ ਨੂੰ ਦੇਖਦੇ ਹਨ ਤਾਂ ਅੰਮ੍ਰਿਤਸਰ ਇੱਕ ਵਿਕਸਤ ਸ਼ਹਿਰ ਹੋਣਾ ਚਾਹੀਦਾ ਸੀ। ਪਰ ਅਜਿਹਾ ਨਹੀਂ ਹੈ, ਅਸਲੀਅਤ ਬਹੁਤ ਦੂਰ ਹੈ। ਤਰਨਜੀਤ ਸੰਧੂ ਨੇ ਕਿਹਾ ਕਿ ਉਹ ਐਕਸ਼ਨ ਪਲਾਨ 'ਤੇ ਕੰਮ ਕਰ ਰਹੇ ਹਨ। ਜਲਦ ਹੀ ਖੁਲਾਸਾ ਕੀਤਾ ਜਾਵੇਗਾ। ਅੰਮ੍ਰਿਤਸਰ ਨੂੰ ਕੀ ਚਾਹੀਦਾ ਹੈ ਅਤੇ ਉਹ ਇਸ ਨੂੰ ਕਿਵੇਂ ਪੂਰਾ ਕਰਦੇ ਹਨ? ਉਨ੍ਹਾਂ ਕਿਹਾ ਕਿ ਸਾਡੀ ਨੌਜਵਾਨ ਪੀੜ੍ਹੀ ਨੂੰ ਮੌਕੇ ਮਿਲਣੇ ਚਾਹੀਦੇ ਹਨ ਤਾਂ ਹੀ ਦੇਸ਼ ਤਰੱਕੀ ਕਰੇਗਾ। ਉਨ੍ਹਾਂ ਕਿਹਾ ਕਿ ਖੇਤੀ ਪ੍ਰਧਾਨ ਸੂਬਾ ਹੋਣ ਦੇ ਬਾਵਜੂਦ ਪੰਜਾਬ ਵਿੱਚ ਖੇਤੀ ਨਾਲ ਸਬੰਧਤ ਫੈਕਟਰੀਆਂ ਕਿਉਂ ਨਹੀਂ ਹਨ? ਜੇਕਰ ਇੱਥੇ ਜਨ ਪ੍ਰਤੀਨਿਧੀ ਸਹੀ ਹਨ ਤਾਂ ਪੰਜਾਬ ਮੌਕਿਆਂ ਦਾ ਫਾਇਦਾ ਉਠਾ ਸਕਦਾ ਹੈ। ਹਰ ਕਿਸੇ ਦੀ ਪ੍ਰਤਿਭਾ ਨੂੰ ਮੌਕਾ ਮਿਲਣਾ ਚਾਹੀਦਾ ਹੈ। ਵਿਦੇਸ਼ੀ ਕੰਪਨੀਆਂ ਅਤੇ ਲੋਕ ਭਾਰਤ ਵਿੱਚ ਪੂੰਜੀ ਨਿਵੇਸ਼ ਕਰਨ ਵਿੱਚ ਦਿਲਚਸਪੀ ਰੱਖਦੇ ਹਨ। ਪਰ ਅੱਜ ਅੰਮ੍ਰਿਤਸਰ ਕਿੱਥੇ ਖੜ੍ਹਾ ਹੈ? ਅੰਮ੍ਰਿਤਸਰ ਵਿੱਚ ਕਿੰਨੇ ਨਿਵੇਸ਼ ਅਤੇ ਕਿੰਨੀਆਂ ਨੌਕਰੀਆਂ ਹਨ? ਸਾਡੀ ਮੁੱਖ ਸਮੱਸਿਆ ਅਮਨ-ਕਾਨੂੰਨ ਅਤੇ ਨਸ਼ਾਖੋਰੀ ਹੈ। ਸਾਡੀ ਆਮਦਨ ਘੱਟ ਰਹੀ ਹੈ। ਸਾਡੇ ਉਦਯੋਗ ਅਤੇ ਖੇਤੀ ਨੂੰ ਠੱਪ ਕੀਤਾ ਜਾ ਰਿਹਾ ਹੈ। ਤੇਰਾ ਅਤੇ ਮੇਰਾ ਮੋਹ ਅਤੇ ਪਿਆਰ ਅੰਮ੍ਰਿਤਸਰ ਨਾਲ ਬਹੁਤ ਮਜ਼ਬੂਤ ਹੈ। ਮੈਨੂੰ ਖ਼ੁਸ਼ੀ ਹੈ ਕਿ ਅੰਮ੍ਰਿਤਸਰ ਦੇ ਵਿਕਾਸ ਲਈ ਅਮਰੀਕੀ ਪ੍ਰਵਾਸੀ ਭਾਈਚਾਰੇ ਨੇ £100 ਮਿਲੀਅਨ ਇਕੱਠੇ ਕੀਤੇ ਹਨ। ਐਨਆਰਆਈ ਭਾਈਚਾਰਾ ਵੀ ਨਸ਼ੇ ਦੀ ਸਮੱਸਿਆ ਦੇ ਹੱਲ ਲਈ ਸਾਡੀ ਮਦਦ ਕਰਨ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਉਹ ਸਰਹੱਦੀ ਖੇਤਰ ਦੀਆਂ ਸਮੱਸਿਆਵਾਂ ਤੋਂ ਜਾਣੂ ਹਨ। ਉਹ ਯਕੀਨੀ ਤੌਰ 'ਤੇ ਇਸ ਨੂੰ ਹੱਲ ਕਰਨਗੇ. ਉਨ੍ਹਾਂ ਕਿਹਾ ਕਿ ਮੈਨੂੰ ਖ਼ੁਸ਼ੀ ਹੈ ਕਿ ਇੱਥੋਂ ਦੇ ਲੋਕ ਲੜਕੀਆਂ ਨੂੰ ਸਿੱਖਿਅਤ ਕਰਨ ਵਿੱਚ ਦਿਲਚਸਪੀ ਰੱਖਦੇ ਹਨ। ਉਨ੍ਹਾਂ ਨੇ ਇੱਥੇ ਕਾਲਜ ਖੋਲ੍ਹਣ ਦੀ ਮੰਗ ਕੀਤੀ ਹੈ, ਮੈਂ ਇਸ ਨੂੰ ਲਾਗੂ ਕਰਾਂਗਾ।

ਬੋਨੀ ਅਮਰਪਾਲ ਸਿੰਘ ਅਜਨਾਲਾ ਨੇ ਕਿਹਾ ਕਿ ਭਾਜਪਾ ਨੂੰ ਲੋਕਾਂ ਦਾ ਭਰਪੂਰ ਸਮਰਥਨ ਮਿਲ ਰਿਹਾ ਹੈ। ਇਸ ਵਾਰ ਅੰਮ੍ਰਿਤਸਰ ਤੋਂ ਭਾਜਪਾ ਉਮੀਦਵਾਰ ਦੀ ਜਿੱਤ ਯਕੀਨੀ ਹੈ। ਲੋਕਾਂ ਨੇ ਆਪਣਾ ਮਨ ਬਣਾ ਲਿਆ ਹੈ। ਅਤੇ 1 ਜੂਨ ਦੀ ਉਡੀਕ ਕੀਤੀ ਜਾ ਰਹੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

### ਅੰਮ੍ਰਿਤਸਰ ਦੇ ਵਿਕਾਸ ਲਈ ਪ੍ਰਧਾਨ ਮੰਤਰੀ ਮੋਦੀ ਦੀਆਂ ਯੋਜਨਾਵਾਂ ਨੂੰ ਇੱਥੇ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇਗਾ- ਸੰਧੂ ਸਮੁੰਦਰੀ

# ਕਾਂਗਰਸੀ ਸਾਂਸਦ ਔਜਲਾ ਦਾ ਇਸ਼ਤਿਹਾਰ ਝੂਠ ਦਾ ਪੁਲੰਦਾ, ਜਵਾਬਦੇਹੀ ਲਈ ਕੀਤੇ ਸਵਾਲ

**ਅੰਮ੍ਰਿਤਸਰ, 21 ਮਈ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ ਤੋਂ ਭਾਜਪਾ ਦੇ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਕਿਹਾ ਕਿ ਅੰਮ੍ਰਿਤਸਰ ਦੇ ਵਿਕਾਸ ਲਈ ਪ੍ਰਧਾਨ ਮੰਤਰੀ ਮੋਦੀ ਦੀਆਂ ਯੋਜਨਾਵਾਂ ਨੂੰ ਇੱਥੇ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇਗਾ। ਉਨ੍ਹਾਂ ਕਾਂਗਰਸੀ ਉਮੀਦਵਾਰ ਤੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਵੱਲੋਂ ਜਾਰੀ ਕੀਤੇ ਇਸ਼ਤਿਹਾਰ ਨੂੰ ਝੂਠ ਦਾ ਪੁਲੰਦਾ ਕਰਾਰ ਦਿੰਦਿਆਂ ਇਨ੍ਹਾਂ ਦਾ ਪਰਦਾਫਾਸ਼ ਕਰਦਿਆਂ ਜਵਾਬਦੇਹੀ 'ਤੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਕਿਹਾ ਕਿ ਸਾਂਸਦ ਔਜਲਾ ਦੇ ਦਾਅਵੇ ਅਨੁਸਾਰ ਹੁਣ ਤੱਕ ਅੰਮ੍ਰਿਤਸਰ ਦਾ ਪੂਰਾ ਵਿਕਾਸ ਹੋ ਜਾਣਾ ਚਾਹੀਦਾ ਸੀ। ਸੰਧੂ ਸਮੁੰਦਰੀ ਨੇ ਆਪਣੇ ਲਹਿਜੇ ਵਿੱਚ ਕਿਹਾ, 'ਮੈਂ ਤੁਹਾਨੂੰ ਇੱਕ ਗੱਲ ਹੋਰ ਦੱਸਾਂ, ਔਜਲਾ ਸਾਹਬ ਨੇ ਚਾਰ ਸੌ ਦੇ ਕਰੀਬ ਸਕੂਲ ਅੱਪਗ੍ਰੇਡ ਕਰਨ ਦਾ ਦਾਅਵਾ ਕੀਤਾ ਹੈ, ਪਰ ਉਸ ਦੇ ਪਿੰਡ ਗੁਮਟਾਲੇ ਜਾ ਕੇ ਦੇਖੋ, ਕੀ ਪਿੰਡ ਦਾ ਸਕੂਲ ਅੱਪਗ੍ਰੇਡ ਹੋ ਗਿਆ ਹੈ?' ਜਿਹੜਾ ਵਿਅਕਤੀ ਆਪਣੇ ਪਿੰਡ ਦਾ ਸਕੂਲ ਅਪਗ੍ਰੇਡ ਨਹੀਂ ਕਰ ਸਕਦਾ, ਉਹ ਹੋਰ ਕੀ ਕਰੇਗਾ? ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਮੋਦੀ ਸਰਕਾਰ ਵੱਲੋਂ ਅੰਮ੍ਰਿਤਸਰ ਹਲਕੇ ਨੂੰ ਪਿਛਲੇ 10 ਸਾਲਾਂ ਦੌਰਾਨ ਦਿੱਤੇ ਫੰਡਾਂ ਦਾ ਵੇਰਵਾ ਦੇਣ ਲਈ ਸੱਦੀ ਗਈ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਪਾਰਟੀ ਦੇ ਅੰਮ੍ਰਿਤਸਰ ਲੋਕ ਸਭਾ ਇੰਚਾਰਜ ਅਵਿਨਾਸ਼ ਰਾਏ ਖੰਨਾ, ਹਿਮਾਚਲ ਤੋਂ ਭਾਜਪਾ ਆਗੂ ਸੁਰੇਸ਼ ਚੰਦੇਲ, ਸਾਬਕਾ ਸੰਸਦ ਮੈਂਬਰ ਸ਼ਵੇਤ ਮਲਿਕ, ਸ਼ਹਿਰੀ ਪ੍ਰਧਾਨ ਹਰਵਿੰਦਰ ਸਿੰਘ ਸੰਧੂ ਅਤੇ ਰਜਿੰਦਰ ਮੋਹਨ ਸਿੰਘ ਛੀਨਾ ਨੇ ਇਸ ਸਬੰਧੀ ਇਕ ਕਿਤਾਬਚਾ ਵੀ ਜਾਰੀ ਕੀਤਾ। ਸੰਧੂ ਸਮੁੰਦਰੀ ਨੇ ਹੈਰਾਨੀ ਜ਼ਾਹਰ ਕਰਦਿਆਂ ਕਿਹਾ ਕਿ ਸੰਸਦ ਮੈਂਬਰ ਔਜਲਾ ਨੇ ਸੱਤ ਸਾਲਾਂ ਦੌਰਾਨ ਆਦਰਸ਼ ਗ੍ਰਾਮ ਯੋਜਨਾ ਤਹਿਤ ਇਕ ਵੀ ਪਿੰਡ ਗੋਦ ਲੈਣ ਵਿਚ ਦਿਲਚਸਪੀ ਨਹੀਂ ਦਿਖਾਈ, ਪਰ ਚੋਣਾਂ ਤੋਂ ਬਾਅਦ ਉਨ੍ਹਾਂ ਨੇ ਪਹਿਲਾਂ ਐੱਮ.ਪੀ ਫੰਡ 'ਚੋਂ ਚੰਡੀਗੜ੍ਹ ਗੋਲਫ ਕਲੱਬ ਨੂੰ ਲੱਖਾਂ ਰੁਪਏ ਦੀਆਂ ਮਹਿੰਗੀਆਂ ਗੋਲਫ ਗੱਡੀਆਂ ਜ਼ਰੂਰ ਦਿਤੀਆਂ। ਇਹ ਵੀ ਦੱਸੋ ਕਿ ਇਸ ਦਾ ਅੰਮ੍ਰਿਤਸਰ ਨੂੰ ਕੀ ਫਾਇਦਾ ਹੈ? ਉਨ੍ਹਾਂ ਕਿਹਾ ਕਿ ਔਜਲਾ ਸੰਸਦ ਦੀ ਖੇਤੀ ਸਲਾਹਕਾਰ ਕਮੇਟੀ ਦੇ ਮੈਂਬਰ ਹਨ ਪਰ ਕੀ ਉਨ੍ਹਾਂ ਨੇ ਕਦੇ ਕਿਸਾਨਾਂ ਦੀ ਭਲਾਈ ਲਈ ਕੋਈ ਸਲਾਹ ਜਾਂ ਸਿਫ਼ਾਰਸ਼ ਭੇਜੀ ਹੈ? ਉਹ ਅੰਮ੍ਰਿਤਸਰ ਏਅਰਪੋਰਟ ਐਡਵਾਈਜ਼ਰੀ ਕਮੇਟੀ ਦੇ ਮੈਂਬਰ ਵੀ ਹਨ, ਪਰ ਉਨ੍ਹਾਂ ਨੂੰ ਜਵਾਬਦੇਹ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਇੱਥੇ ਇਕ ਵੀ ਕਾਰਗੋ ਫਲਾਈਟ ਚਲਾਉਣ ਦੀ ਕੋਸ਼ਿਸ਼ ਕਿਉਂ ਨਹੀਂ ਕੀਤੀ? ਔਜਲਾ ਐਨਰਜੀ ਦੀ ਸਥਾਈ ਕਮੇਟੀ ਦੇ ਮੈਂਬਰ ਵੀ ਹਨ, ਦੱਸੋ ਇੱਥੇ ਸੋਲਰ ਐਨਰਜੀ ਦਾ ਕਿੰਨਾ ਕੰਮ ਹੋਇਆ? ਸੰਧੂ ਸਮੁੰਦਰੀ ਨੇ ਕਿਹਾ ਕਿ ਜਿੰਨੀਆਂ ਵੀ ਵੱਡੀਆਂ ਸੜਕਾਂ ਬਣੀਆਂ ਹਨ, ਉਹ ਪ੍ਰਧਾਨ ਮੰਤਰੀ ਮੋਦੀ ਅਤੇ ਅਰੁਣ ਜੇਤਲੀ ਦੀ ਸੋਚ ਦਾ ਨਤੀਜਾ ਹਨ। ਅੰਮ੍ਰਿਤਸਰ ਸਮਾਰਟ ਸਿਟੀ ਲਈ ਕੇਂਦਰ ਦਾ ਪੈਸਾ ਕਿੱਥੇ ਗਿਆ? ਕੀ ਸਾਂਸਦ ਔਜਲਾ ਜਵਾਬ ਦੇਣਗੇ ਕਿ ਸਾਡਾ ਸ਼ਹਿਰ ਅਜੇ ਤੱਕ ਸਮਾਰਟ ਸਿਟੀ ਕਿਉਂ ਨਹੀਂ ਬਣਿਆ? ਜਦੋਂ ਉਨ੍ਹਾਂ ਦੇ ਘਰ ਦੇ ਸਾਹਮਣੇ ਤੁੰਗ ਢਾਬ ਡਰੇਨ ਦੀ ਸਮੱਸਿਆ ਦੋ ਟਰਮਾਂ 'ਚ ਵੀ ਹੱਲ ਨਹੀਂ ਹੋ ਸਕੀ ਤਾਂ ਉਨ੍ਹਾਂ ਤੋਂ ਪੂਰੇ ਸ਼ਹਿਰ ਦਾ ਸੀਵਰੇਜ ਸਿਸਟਮ ਠੀਕ ਕਰਨ ਦੀ ਆਸ ਕਿਵੇਂ ਰੱਖੀ ਜਾ ਸਕਦੀ ਹੈ? ਮੈਂ ਕਿਹਾ ਤੱਥ ਬੋਲਦੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਸੈਂਟਰ ਯੂਨੀਵਰਸਿਟੀ ਅਤੇ ਹੋਰ ਪ੍ਰੋਜੈਕਟ ਬਠਿੰਡਾ ਲੈ ਗਏ ਤਾਂ ਔਜਲਾ ਨੇ ਅੰਮ੍ਰਿਤਸਰ ਲਈ ਕਿਉਂ ਨਹੀਂ ਬੋਲਿਆ? ਇੱਥੇ ਉਦਯੋਗ, ਵਪਾਰ ਅਤੇ ਖੇਤੀਬਾੜੀ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਹਨ। ਏਅਰਪੋਰਟ ਨੂੰ ਐਲੀਵੇਟਿਡ ਰੋਡ ਦੀ ਲੋੜ ਹੈ। ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਸ਼ਹਿਰ ਦੀਆਂ ਸਾਡੀਆਂ ਕਈ ਮਾਵਾਂ-ਭੈਣਾਂ ਨਸ਼ਿਆਂ ਤੋਂ ਤੰਗ ਆ ਚੁੱਕੀਆਂ ਹਨ।



ਇਸ ਬਾਰੇ ਗੱਲ ਕਰਨ ਲਈ ਤਿਆਰ ਨਹੀਂ? ਐਮ ਪੀ ਸਾਹਬ ਪਿਛਲੀਆਂ ਦੋ ਟਰਮਾਂ ਤੋਂ ਉਥੇ ਰਹੇ ਹਨ, ਇਸ ਦੌਰਾਨ ਨਸ਼ਾ ਵਧਿਆ ਹੈ ਜਾਂ ਨਹੀਂ? ਸਿਰਫ਼ ਗੱਲਾਂ ਕਰਨ ਅਤੇ ਪੋਸਟਰ ਲਗਾਉਣ ਜਾਂ ਝੂਠੇ ਇਸ਼ਤਿਹਾਰ ਲਗਾਉਣਾ ਕੋਈ ਹੱਲ ਨਹੀਂ ਹੈ। ਇਸ ਮੌਕੇ ਤਰਨਜੀਤ ਸੰਧੂ ਸਮੁੰਦਰੀ ਨੇ ਕੇਂਦਰ ਸਰਕਾਰ ਦੀਆਂ ਸਕੀਮਾਂ ਤੋਂ ਲਾਭ ਪ੍ਰਾਪਤ ਕਰਨ ਵਾਲੇ ਲਾਭਪਾਤਰੀਆਂ ਦੇ ਅੰਕੜੇ ਵੀ ਸਾਂਝੇ ਕਰਦਿਆਂ ਕਿਹਾ ਕਿ ਅੰਮ੍ਰਿਤਸਰ ਦੇ ਲੱਖਾਂ ਲੋਕ ਕੇਂਦਰ ਸਰਕਾਰ ਦੀਆਂ ਸਕੀਮਾਂ ਦਾ ਲਾਭ ਉਠਾ ਚੁੱਕੇ ਹਨ। ਪੰਜਾਬ ਦੇ ਸਾਬਕਾ ਪ੍ਰਧਾਨ ਅਤੇ ਸਾਬਕਾ ਸੰਸਦ ਮੈਂਬਰ ਸ਼ਵੇਤ ਮਲਿਕ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੰਮ੍ਰਿਤਸਰ ਲੋਕ ਸਭਾ ਹਲਕੇ ਦੇ ਲੋਕਾਂ ਲਈ ਨਾ ਸਿਰਫ਼ ਘਰ ਬਣਾਏ ਸਗੋਂ ਬਿਜਲੀ, ਬਲਬ ਅਤੇ ਪੱਖੇ ਵੀ ਦਿੱਤੇ। ਭੋਜਨ ਲਈ ਰਾਸ਼ਨ ਅਤੇ ਖਾਣਾ ਬਣਾਉਣ ਲਈ ਗੈਸ ਸਿਲੰਡਰ ਦਿੱਤਾ। ਨਹਾਉਣ ਅਤੇ ਧੋਣ ਲਈ ਪਖਾਨੇ ਬਣਵਾਓ। ਇਸ ਵੇਲੇ ਅੰਮ੍ਰਿਤਸਰ ਦੇ 88,170 ਕਿਸਾਨਾਂ ਨੂੰ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਤਹਿਤ 6000 ਰੁਪਏ ਪ੍ਰਤੀ ਸਾਲ ਮਿਲ ਰਹੇ ਹਨ। ਇੰਨਾ ਹੀ ਨਹੀਂ ਅੰਮ੍ਰਿਤਸਰ ਵਿੱਚ 8609 ਸੋਇਲ ਹੈਲਥ ਕਾਰਡ ਬਣਾਏ ਗਏ ਹਨ, ਜਿਨ੍ਹਾਂ ਦੀ ਮਦਦ ਨਾਲ ਕਿਸਾਨ ਆਪਣੇ ਖੇਤਾਂ ਦੀ ਮਿੱਟੀ ਦੇ ਪੌਸ਼ਟਿਕ ਤੱਤਾਂ ਬਾਰੇ ਸਾਰੀ ਜਾਣਕਾਰੀ ਪ੍ਰਾਪਤ ਕਰਦੇ ਹਨ, ਜਿਸ ਨਾਲ ਉਨ੍ਹਾਂ ਦੀਆਂ ਫਸਲਾਂ ਦੀ ਪੈਦਾਵਾਰ ਵਿੱਚ ਵਾਧਾ ਹੋਵੇਗਾ। ਇੰਨਾ ਹੀ ਨਹੀਂ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨਾ ਯੋਜਨਾ ਤਹਿਤ ਅੰਮ੍ਰਿਤਸਰ ਸੰਸਦੀ ਹਲਕੇ ਦੇ 1047709 ਕਾਰਡ ਧਾਰਕਾਂ ਨੂੰ ਮੁਫਤ ਰਾਸ਼ਨ ਅਤੇ 488674 ਲੋਕ ਆਯੂਸ਼ਮਾਨ ਭਾਰਤ ਯੋਜਨਾ ਤਹਿਤ ਮੁਫਤ ਇਲਾਜ ਕਰਵਾ ਰਹੇ ਹਨ। ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ ਤਹਿਤ ਅੰਮ੍ਰਿਤਸਰ ਦੇ 22003 ਨੌਜਵਾਨਾਂ ਨੂੰ ਸਿਖਲਾਈ ਦਿੱਤੀ ਗਈ, ਜਿਨ੍ਹਾਂ ਵਿੱਚੋਂ ਕੁਝ ਨੌਜਵਾਨ ਨੌਕਰੀਆਂ ਕਰ ਰਹੇ ਹਨ ਜਦਕਿ ਕੁਝ ਨੌਜਵਾਨ ਆਤਮ ਨਿਰਭਰ ਬਣ ਕੇ ਹੋਰਨਾਂ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾ ਰਹੇ ਹਨ। ਅੰਮ੍ਰਿਤਸਰ ਲੋਕ ਸਭਾ ਲਈ ਪਾਰਟੀ ਦੇ ਇੰਚਾਰਜ ਅਵਿਨਾਸ਼ ਰਾਏ ਖੰਨਾ ਨੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ 'ਆਪ', ਕਾਂਗਰਸ ਅਤੇ ਅਕਾਲੀ ਦਲ ਦੇ ਜਾਲ ਵਿੱਚ ਨਾ ਫਸਣ ਅਤੇ ਵਿਕਸਤ ਦੇਸ਼, ਵਿਕਸਤ ਪੰਜਾਬ ਅਤੇ ਅੰਮ੍ਰਿਤਸਰ ਦੇ ਵਿਕਾਸ ਲਈ ਭਾਜਪਾ ਦੇ ਹੱਕ ਵਿੱਚ ਤਰਨਜੀਤ ਸੰਧੂ ਨੂੰ ਵੋਟ ਦੇਣ।

# ਬੱਚਿਆਂ ਨੂੰ ਮਾਂ ਬੋਲੀ ਪੰਜਾਬੀ ਤੇ ਗੁਰਮਤਿ ਨਾਲ ਜੋੜਦੀ ਪੁਸਤਕ

**ਅੱਖਰ ਬੋਧ ਅਤੇ ਸਿੱਖ ਧਰਮ ਦੀ ਵਿਸ਼ੇਸ਼ ਜਾਣਕਾਰੀ**
**ਸੰਪਾਦਕ---- ਕਰਨੈਲ ਸਿੰਘ ਐੱਮ.ਏ.**
**ਪ੍ਰਕਾਸ਼ਕ -----ਮਹੰਤ ਕਾਹਨ ਸਿੰਘ ਜੀ 'ਸੇਵਾਪੰਥੀ'**
**ਪੰਨੇ ----56 ਕੀਮਤ ---ਅਮੁੱਲ ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ**

ਪੰਥਕ ਸੋਚ ਰੱਖਣ ਵਾਲੇ ਗੁਰਮਤਿ ਪ੍ਰਚਾਰਕ ਤੇ ਮਹਾਨ ਸਾਹਿਤਕਾਰ ਸ੍ਰ: ਕਰਨੈਲ ਸਿੰਘ ਐੱਮ.ਏ. ਦੀ ਇਹ ਪੁਸਤਕ ਉਚੇਚੇ ਤੌਰ ਤੇ ਬੱਚਿਆਂ ਨੂੰ ਗੁਰਮੁਖੀ ਪੰਜਾਬੀ ਮਾਂ ਬੋਲੀ ਨਾਲ ਜੋੜਨ ਲਈ ਸੰਪਾਦਿਤ ਕੀਤੀ ਗਈ ਹੈ । ਇਸ ਪੁਸਤਕ ਦਾ ਨੌਂਵਾਂ ਐਡੀਸ਼ਨ ਹੈ । ਇਸ ਤੋਂ ਪਹਿਲਾਂ 8 ਐਡੀਸ਼ਨ ਛਪ ਚੁੱਕੇ ਹਨ । ਹੁਣ ਤੱਕ ਛਪਣ ਗਿਣਤੀ 35000 (ਪੈਂਤੀ ਹਜ਼ਾਰ ) ਤੋਂ ਵੱਧ ਹੋ ਗਈ ਹੈ ਤੇ ਸੰਗਤਾਂ ਨੂੰ ਬਿਨਾਂ ਕਿਸੇ ਕੀਮਤ ਦੇ ਭੇਟ ਕੀਤੀ ਜਾ ਰਹੀ ਹੈ। ਪੁਸਤਕ ਦਾ ਮੰਤਵ ਇਹੋ ਹੈ ਕਿ ਦਿਨੋ-ਦਿਨ ਪੰਜਾਬ ਵਿੱਚ ਕਈ ਕਾਰਨਾਂ ਕਰਕੇ ਸਾਡੇ ਬੱਚੇ ਮਾਂ ਬੋਲੀ ਪੰਜਾਬੀ ਤੋਂ ਦੂਰ ਜਾ ਰਹੇ ਹਨ ਜਾਂ ਕਿਸੇ ਸਾਜ਼ਿਸ਼ ਤਹਿਤ ਦੂਰ ਕੀਤੇ ਜਾ ਰਹੇ ਹਨ । ਕਈ ਨਿੱਜੀ ਅਦਾਰੇ ਤਾਂ ਇਹੋ ਜਿਹੇ ਵੀ ਹਨ ਜੋ ਬੱਚਿਆਂ ਨੂੰ ਸਕੂਲ ਵਿੱਚ ਪੰਜਾਬੀ ਵਿੱਚ ਗੱਲਬਾਤ ਕਰਨ ਤੋਂ ਵੀ ਰੋਕਦੇ ਹਨ । ਕਿੰਨਾ ਹਨੇਰ ਹੈ ! ਪੰਜਾਬ ਦੇ ਬੱਚਿਆਂ ਨੂੰ ਪੰਜਾਬੀ ਬੋਲਣ ਤੋਂ ਰੋਕਿਆ ਜਾਵੇ ? ਇਹ ਪੁਸਤਕ ਇਸ ਅਗਿਆਨਤਾ ਤੇ ਮਾਂ ਬੋਲੀ ਦਾ ਹਨੇਰਾ ਦੂਰ ਕਰਨ ਦਾ ਬਹੁਤ ਵੱਡਾ ਉਪਰਾਲਾ ਹੈ । ਸਾਡੇ ਬੱਚੇ ਸਿੱਖੀ ਤੋਂ ਵੀ ਦੂਰ ਜਾ ਰਹੇ ਹਨ । ਸਕੂਲਾਂ ਵਿੱਚ ਨੈਤਿਕਤਾ ਵਾਲਾ ਮਾਹੌਲ ਹੀ ਨਹੀਂ ਰਹਿ ਗਿਆ । ਸ਼ਾਇਦ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਇਸੇ ਲਈ ਨੈਤਿਕਤਾ ਦੀ ਕਿਤਾਬ ਹੁਣ ਸਿਲੇਬਸ ਵਿੱਚ ਸ਼ਾਮਲ ਕੀਤੀ ਹੈ । ਦੂਸ਼ਰੇ ਬੋਰਡਾਂ ਦਾ ਤਾਂ ਇਸ ਪਾਸੇ ਤੋਂ ਕੰਮ ਜ਼ੀਰੋ ਹੈ । ਸਮਾਜ ਵਿੱਚ ਫੈਲ ਰਹੀ ਅਰਾਜਕਤਾ ਤੇ ਨਸ਼ਿਆਂ ਦਾ ਪ੍ਰਕੋਪ ਵੀ ਇਸੇ ਕਰਕੇ ਹੈ । ਰੋਜ਼ ਅਖਬਾਰਾਂ ਵਿੱਚ ਇਹ ਕੁਝ ਪੜ੍ਹ ਰਹੇ ਹਾਂ । ਸਾਡੇ ਰਿਸ਼ਤੇ ਗਰਕਦੇ ਜਾ ਰਹੇ ਹਨ । ਪੱਛਮ ਦੀ ਹਨੇਰੀ ਚੱਲ ਰਹੀ ਹੈ । ਪ੍ਰਵਾਸ ਵਧ ਰਿਹਾ ਹੈ । ਖੈਰ ! ਇਸ ਪੁਸਤਕ ਵਿੱਚ ਗੁਰਮੁਖੀ ਪੈਂਤੀ ਦੇ ਅੱਖਰਾਂ ਨੂੰ ਬਹੁਤ ਦਿਲਕਸ਼ ਤਰੀਕੇ ਨਾਲ ਲਿਖਿਆ ਗਿਆ ਹੈ । ਰੰਗਦਾਰ ਅੱਖਰਾਂ ਨੂੰ ਲਿਖਣ ਵੇਲੇ ਹਰੇਕ ਅੱਖਰ ਨਾਲ ਧਾਰਮਿਕ ਬਿਰਤੀ ਵਾਲ ਤਸਵੀਰ ਹੈ । ਜਿਵੇਂ 'ਕ' ਨੂੰ (ਕਕਾ ਕਿਰਪਾਨ )'ਢ' ਨੂੰ (ਢਢਾ ਢਾਡੀ )'ਲ' ਨੂੰ (ਲਲਾ ਲੰਗਰ )'ਪ' ਨੂੰ (ਪਪਾ ਪੰਜ ਪਿਆਰੇ )'ਹ' ਨੂੰ (ਹਾਹਾ ਹਰਿਮੰਦਰ ) ਸਾਰੇ ਪੈਂਤੀ ਗੁਰਮੁਖੀ ਅੱਖਰ ਗੁਰਮਤਿ ਸ਼ਬਦਾਵਲੀ ਵਿੱਚ ਹਨ । ਇਹ ਪਹਿਲਾ ਪਾਠ ਹੈ ।




ਦੋ ਸ਼ਬਦ ਮਹੰਤ ਕਾਹਨ ਸਿੰਘ ਜੀ 'ਸੇਵਾਪੰਥੀ' ਦੀ ਮੁਬਾਰਕ ਕਲਮ ਤੋਂ ਹਨ । ਇਸ ਤੋਂ ਪਿਛੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਮੁਢਲੀ ਜਾਣਕਾਰੀ ਹੈ । ਗੁਰਮੁਖੀ ਅੱਖਰਾਂ ਦੇ ਸਵਰ ਤੇ ਲਗਾਂ ਮਾਤਰਾਂ ਦਾ ਗਿਆਨ ਹੈ । ਇਹ ਬਾਰਾਂ ਚਿੰਨ੍ਹ ਹਨ ਕੰਨਾ, ਸਿਹਾਰੀ, ਬਿਹਾਰੀ, ਔਂਕੜ, ਦੁਲੈਂਕੜ ,ਲਾਂ, ਦੁਲਾਵਾਂ, ਹੋੜਾ, ਕਨੌੜਾ ,ਬਿੰਦੀ, ਟਿੱਪੀ । ਗੁਰਮੁਖੀ ਵਿੱਚ ਅੰਕਾਂ ਨੂੰ ਲਿਖ ਕੇ ਬੋਲਣ ਦਾ ਤਰੀਕਾ ਲਿਖਿਆ ਹੈ ਜਿਵੇਂ 35 ਨੂੰ ਪੈਂਤੀ, 46 ਨੂੰ ਛਿਆਲੀ, 70 ਨੂੰ ਸੱਤਰ । ਜਦੋਂ ਕਿ ਹੁਣ ਦੇ ਅਖੌਤੀ ਪਬਲਿਕ ਤੇ ਮਾਡਲ ਸਕੂਲਾਂ ਦੇ ਬੱਚੇ 35 ਨੂੰ ਥਰਟੀ ਫਾਈਵ ਬੋਲ ਕੇ ਯਾਦ ਕਰਦੇ ਆਮ ਵੇਖੇ ਜਾ ਸਕਦੇ ਹਨ । ਪੰਜਾਬੀ ਹਿੰਦੀ ਦੇ ਸਮਾਨ ਅੱਖਰਾਂ ਦੀ ਧੁਨੀ ਦਾ ਗਿਆਨ ਹੈ । ਦਸ ਗੁਰੂ ਸਾਹਿਬਾਨ ਦੇ ਨਾਮ ,ਪੰਜ ਪਿਆਰੇ, ਚਾਰ ਸਾਹਿਬਜ਼ਾਦੇ, ਪੰਜ ਤਖਤ ,ਮੂਲ-ਮੰਤਰ ,ਪੰਜ ਕਕਾਰ , ਨਿੱਤ-ਨੇਮ, ਜੈਕਾਰਾ ਪੁਸਤਕ ਵਿੱਚ ਹੈ ।

ਲੇਖਕ ਨੇ ਮੂਲ-ਮੰਤਰ ਦਾ ਸਹੀ ਉਚਾਰਨ ਤੇ ਅਰਥ ਵੀ ਲਿਖੇ ਹਨ । ਪਾਕਿਸਤਾਨ ਦੇ ਮਰਹੂਮ ਰਾਸ਼ਟਰਪਤੀ ਜਨਰਲ ਅਯੂਬ ਖਾਨ ਦੇ ਹਵਾਲੇ ਨਾਲ ਲਿਖਿਆ ਹੈ ਕਿ ਜਨਰਲ ਅਯੂਬ ਖਾਂ ਦੀ ਕਾਮਯਾਬੀ ਪਿੱਛੇ ਮੂਲ-ਮੰਤਰ ਦੀ ਕਰਾਮਾਤ ਹੈ। ਕਿਉਂਕਿ ਲੇਖ ਦੇ ਲੇਖਕ( ਡਾ: ਅਨੋਖ ਸਿੰਘ ਜੀ ) ਦੀ ਜਦੋਂ ਅਯੂਬ ਖਾਨ ਨਾਲ ਗੱਲ ਹੋਈ ਤਾਂ ਇਹ ਭੇਤ ਉਨ੍ਹਾਂ ਨੇ ਦੱਸਿਆ । ਮੂਲ-ਮੰਤਰ ਦੀਆਂ ਹੋਰ ਬਖ਼ਸ਼ਿਸ਼ਾਂ ਦਾ ਜ਼ਿਕਰ ਵੀ ਇਸ ਲੇਖ ਵਿੱਚ ਹੈ । ਇਹ ਬਖਸ਼ਿਸ਼ਾਂ ਹਰ ਵਿਅਕਤੀ ਤੇ ਹੋ ਸਕਦੀਆਂ ਹਨ ਜੇ ਉਹ ਗੁਰੂ ਸਾਹਿਬ ਦੀ ਅਲੌਕਿਕ ਬਾਣੀ ਜਪੁਜੀ ਸਾਹਿਬ ਦਾ ਪਾਠ ਕਰਦਾ ਹੈ ਤੇ ਮੂਲ-ਮੰਤਰ ਦਾ ਦਿਲੋਂ ਪਾਠ ਕਰਦਾ ਹੈ । ਗੁਰੂ ਗੋਬਿੰਦ ਸਿੰਘ ਜੀ ਦਾ ਸ਼ਬਦ 'ਦੇਹ ਸ਼ਿਵਾ ਬਰਿ ਮੋਹਿ ਇਹੈ' ਦੀ ------ ਸੋਹਣੀ -ਵਿਆਖਿਆ ਹੈ । ਗੁਰਬਾਣੀ ਦੇ ਸ਼ਬਦਾਂ ਦੇ ਸੌਖੇ ਅਰਥ ਹਨ । ਇਹ ਅਰਥ ਅੰਗਰੇਜ਼ੀ ਵਿੱਚ ਵੀ ਨਾਲ ਹੀ ਦਿੱਤੇ ਗਏ ਹਨ । ਰੋਜ਼ ਮਰਾ ਦੀ ਜ਼ਿੰਦਗੀ ਵਿੱਚ ਕੀਤੇ ਜਾਣ ਵਾਲੇ ਕੰਮ ਕਰਦੇ ਹੋਏ ਜੋ ਸ਼ਬਦਾਂ ਦਾ ਪਾਠ ਕਰਕੇ ਗੁਰੂ ਨਾਲ ਜੁੜਿਆ ਜਾਵੇ ਤਾਂ ਜੀਵਨ ਸਚਿਆਰਾ ਬਣ ਸਕਦਾ ਹੈ । ਮਨ ਅੰਦਰਲੀ ਮੈਲ ਵੀ ਧੋਤੀ ਜਾਂਦੀ ਹੈ ਮਨੁੱਖ ਸੱਚ ਦਾ ਪਾਂਧੀ ਬਣ ਜਾਂਦਾ ਹੈ । ਕਰਿ ਇਸ਼ਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ----- ਦਾ ਪਾਠ ਇਸ਼ਨਾਨ ਕਰਨ ਵੇਲੇ ਜ਼ਰੂਰੀ ਹੈ । ਪੜ੍ਹਾਈ ਕਰਨ ਵੇਲੇ ਦਾ ਸ਼ਬਦ ਹੈ ---ਵਿਦਿਆ ਵੀਚਾਰੀ ਤਾਂ ਪਰਉਪਕਾਰੀ ।ਇਸ ਸ਼ਬਦ ਵਿੱਚ ਗੁਰੂ ਸਾਹਿਬ ਨੇ ਪੜ੍ਹਾਈ ਵਿਚਾਰ ਕੇ ਕਰਨ ਲਈ ਕਿਹਾ ਹੈ ਨਾ ਕਿ ਹੁਣ ਦੇ ਪਬਲਿਕ ਸਕੂਲਾਂ ਦੀ ਰਟਾ ਮਾਰਕਾ ਸਿੱਖਿਆ । ਤੋਤਾ ਰਟਨ ਨਾਲ ਕੀਤੀ ਪੜ੍ਹਾਈ ਅਰਥ ਹੀਣ ਹੈ । ਇੱਕ ਖੋਜਮਈ ਲੇਖ ਕੇਸਾਂ ਦੀ ਮਹਾਨਤਾ ਬਾਰੇ ਹੈ (ਲੇਖਕ ਮਹੰਤ ਕਾਹਨ ਸਿੰਘ ਜੀ 'ਸੇਵਾਪੰਥੀ' ) ਇਹ ਲੇਖ ਪੜ੍ਹ ਕੇ ਕੇਸਾਧਾਰੀ ਹੋਣ ਨੂੰ ਹਰੇਕ ਦਾ ਜੀ ਕਰਦਾ ਹੈ । ਕੇਸਾਂ ਦੀ ਬੇਅਦਬੀ ਦਾ ਗੁਰੂ ਸਾਹਿਬ ਨੇ ਖਾਸ ਨੋਟਿਸ ਲਿਆ ਹੈ । ਅਜਿਹੇ ਬੰਦੇ ਦੀ ਤੁਲਨਾ ਭੇਡ ਨਾਲ ਕੀਤੀ ਹੈ ਅੰਮ੍ਰਿਤਧਾਰੀ ਲਈ ਪੰਜ ਕਕਾਰ ਕਿੰਨੇ ਜ਼ਰੂਰੀ ਹਨ । ਇਹ ਲੇਖ ਪੜ੍ਹ ਕੇ ਰੂਹ ਖਿੜ ਜਾਂਦੀ ਹੈ । ਇਹ ਸਾਰੇ ਲੇਖ ਪੰਨੇ (32-42 ) ਤੱਕ ਸਸ਼ੋਭਿਤ ਹਨ ।

ਕਰਨੈਲ ਸਿੰਘ ਐੱਮ.ਏ. ਦਾ ਲੇਖ 'ਅੰਮ੍ਰਿਤ ਪੀਵਹੁ ਸਦਾ ਚਿਰੁ ਜੀਵਹੁ' ਵਿੱਚ ਖਾਸ ਖੋਜ ਇਹ ਹੈ ਕਿ ਲੇਖਕ ਨੇ ਪੰਜਾਬ ਦੀਆਂ 07 ਮਹਾਨ ਸ਼ਖਸੀਅਤਾਂ ਦਾ ਜ਼ਿਕਰ ਕੀਤਾ ਹੈ ਜੋ ਪਹਿਲਾਂ ਹਿੰਦੂ ਨਾਵਾਂ ਵਿੱਚ ਸਨ । ਪਰ ਸਿੱਖੀ ਸਰੂਪ ਧਾਰਨ ਪਿੱਛੋਂ ਸਿੰਘ ਬਣ ਗਏ ਤੇ ਦੁਨੀਆਂ ਵਿੱਚ ਬਹੁਤ ਨਾਮਣਾ ਖੱਟਿਆ । ਇਹ ਨਾਮ ਵੇਖੋ----ਨੱਥੂ ਰਾਮ (ਪ੍ਰੋ: ਸਾਹਿਬ ਸਿੰਘ ਜੀ ਬਣੇ ), ਰਾਮ ਜੀ ਦਾਸ (ਭਗਤ ਪੂਰਨ ਸਿੰਘ ਪਿੰਗਲਵਾੜਾ ਵਾਲੇ ),ਨਾਨਕ ਚੰਦ (ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ), ਹੀਰਾ ਲਾਲ (ਪੰਥ ਰਤਨ ਡਾ: ਇੰਦਰਜੀਤ ਸਿੰਘ ਜੀ ),ਬਾਬੂ ਰਾਮ (ਸੰਤ ਬਾਬਾ ਗੁਰਮੁਖ ਸਿੰਘ ਜੀ ), ਕਰਮ ਚੰਦ (ਮਹੰਤ ਹਰਿਦਰਸ਼ਨ ਸਿੰਘ ਜੀ 'ਸੇਵਪੰਥੀ' ),ਹੰਸ ਰਾਜ ( ਨਾਵਲਕਾਰ ਨਾਨਕ ਸਿੰਘ ਜੀ )।

ਅਵਤਾਰ ਸਿੰਘ ਕੈਂਥ ਦਾ ਲੇਖ 'ਦਸਤਾਰ ਸਿੱਖੀ ਦੀ ਸ਼ਾਨ' ਅਜੋਕੇ ਸਮੇਂ ਵਿੱਚ ਪੰਜਾਬੀ ਨੌਜਵਾਨਾਂ ਨੂੰ ਸੇਧ ਦੇਣ ਵਾਲਾ ਹੈ । ਦੁਨੀਆਂ ਭਰ ਵਿੱਚ ਦਸਤਾਰ ਨਾਲ ਹੀ ਸਿੱਖ ਦੀ ਪਛਾਣ ਹੈ । ਦਸਵੰਧ ਦਾ ਗੁਰਬਾਣੀ ਅਨੁਸਾਰ ਮਹੱਤਵ , ਮਾਂ ਬੋਲੀ ਪੰਜਾਬੀ ਦੀ ਮਹੱਤਤਾ, ਸ਼ਰਾਬ, ਤਮਾਕੂ ਤੇ ਪਾਨ ਦੇ ਸਿਹਤ ਨੂੰ ਨੁਕਸਾਨ ਆਦਿ ਲਿਖਤਾਂ ਬੱਚਿਆਂ, ਨੌਜਵਾਨਾਂ ਤੇ ਹਰੇਕ ਵਰਗ ਦੇ ਪਾਠਕਾਂ ਲਈ ਲਾਹੇਵੰਦ ਹਨ । ਸੰਪਾਦਕ ਕਰਨੈਲ ਸਿੰਘ ਐੱਮ.ਏ. ਦੀ ਇਹ ਪੁਸਤਕ ਸਮਾਜ ਲਈ ਮਾਰਗਦਰਸ਼ਕ ਹੈ। ਪੁਸਤਕ ਵਿੱਚ ਦਸ ਗੁਰੂ ਸਾਹਿਬਾਨ ਦੀਆ ਤਸਵੀਰਾਂ ਸਾਡਾ ਵਿਰਸਾ ਤੇ ਸਾਡਾ ਗੌਰਵ ਹਨ । ਪੁਸਤਕ ਹਰੇਕ ਵਿਦਿਅਕ ਅਦਾਰੇ ਦੀ ਲਾਇਬਰੇਰੀ ਵਿੱਚ ਹੋਣੀ ਜ਼ਰੂਰੀ ਹੈ ਤਾਂ ਕਿ ਸਾਡਾ ਭਵਿੱਖ ਰੌਸ਼ਨ ਹੋ ਸਕੇ । ਫੈਲੇ ਵਿਦਿਆ ਚਾਨਣ ਹੋਇ । ਅਦਾਰਾ ਸੇਵਾਪੰਥੀ ਤੇ ਸੰਪਾਦਕ ਵਧਾਈ ਦੇ ਪਾਤਰ ਹਨ ।

**- ਪ੍ਰਿੰਸੀਪਲ ਗੁਰਮੀਤ ਸਿੰਘ ਫਾਜ਼ਿਲਕਾ**
**3/1751, ਕੈਲਾਸ਼ ਨਗਰ, ਫਾਜ਼ਿਲਕਾ।**
**ਸੰਪਰਕ -9814856160**

ਆਵਾਜ਼ਿ ਕੌਮ AWAZE QAUM International Newspaper & WEB TV